# PR NIVESTYM®
## (ਫਿਲਗਰਾਸਟਿਮ ਇੰਜੈਕਸ਼ਨ)
## ਨਾਲ ਤੁਹਾਡੀ ਜਾਣ-ਪਛਾਣ



Pr Nivestym™
ਫਿਲਗਰਾਸਟਿਮ

Pfizer

# ਮੇਰੇ NIVESTYM ਇਲਾਜ ਦੀ ਸ਼ੁਰੂਆਤ

ਕਿਸੇ ਵੀ ਨਵੇਂ ਇਲਾਜ ਨੂੰ ਸ਼ੁਰੂ ਕਰਨਾ ਇੱਕ ਚੁਣੌਤੀ ਹੋ ਸਕਦੀ ਹੈ। ਇਸ ਬਰੋਸ਼ਰ ਨੂੰ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਅਤੇ ਤੁਹਾਡੇ ਇਲਾਜ ਦਾ ਵੱਧ ਤੋਂ ਵੱਧ ਫਾਇਦਾ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

NIVESTYM ਬਾਰੇ ਮੁੱਢਲੀਆਂ ਗੱਲਾਂ ਜਾਣਨ ਲਈ ਇਸ ਬਰੋਸ਼ਰ ਨੂੰ ਪੜ੍ਹਨਾ ਯਕੀਨੀ ਬਣਾਓ ਅਤੇ ਤੁਹਾਡੇ ਇਲਾਜ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇਸਨੂੰ ਪਹੁੰਚ ਵਿੱਚ ਰੱਖਣਾ ਯਾਦ ਰੱਖੋ। ਇਸਦੇ ਨਾਲ ਹੀ, ਇਸ ਬਾਰੇ ਆਪਣੀ ਸਿਹਤ-ਸੰਭਾਲ ਟੀਮ ਦੇ ਨਾਲ ਇਮਾਨਦਾਰ ਹੋਣਾ ਵੀ ਮਹੱਤਵਪੂਰਨ ਹੈ ਕਿ ਇਲਾਜ ਦੇ ਸਬੰਧ ਵਿੱਚ ਤੁਹਾਡਾ ਕੀ ਹਾਲ-ਚਾਲ ਹੈ। ਜਦੋਂ ਵੀ ਤੁਹਾਡੇ ਇਲਾਜ ਦੀ ਯੋਜਨਾ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹੋਣ ਤਾਂ ਉਨ੍ਹਾਂ ਨਾਲ ਗੱਲ ਕਰੋ।

# NIVESTYM ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?

NIVESTYM ਦੀ ਵਰਤੋਂ ਨਿਊਟਰੋਪੇਨੀਆ ਦਾ ਇਲਾਜ ਕਰਨ ਲਈ ਕੀਤੀ ਜਾਂਦੀ ਹੈ, ਜੋ ਇੱਕ ਅਜਿਹੀ ਅਵਸਥਾ ਹੈ ਜਿੱਥੇ ਸਰੀਰ ਇੱਕ ਕਿਸਮ ਦੇ ਸਫੈਦ ਰਕਤ ਸੈੱਲਾਂ ਨੂੰ ਬਹੁਤ ਘੱਟ ਬਣਾਉਂਦਾ ਹੈ ਜੋ ਇਨਫੈਕਸ਼ਨਾਂ ਦੇ ਖਿਲਾਫ ਸਰੀਰ ਦੀ ਲੜਾਈ ਵਿੱਚ ਮਹੱਤਵਪੂਰਨ ਹੁੰਦੇ ਹਨ ਜਿਸਨੂੰ *ਨਿਊਟਰੋਫਿਲ* (nu-tro-fil) ਕਹਿੰਦੇ ਹਨ।

ਨਿਊਟਰੋਪੇਨੀਆ ਇੱਕ ਲੰਬੇ ਸਮੇਂ ਤੋਂ ਚੱਲ ਰਹੀ ਅਵਸਥਾ ਹੋ ਸਕਦੀ ਹੈ ਜਿੱਥੇ ਤੁਹਾਡਾ ਸਰੀਰ ਕਾਫੀ ਮਾਤਰਾ ਵਿੱਚ ਨਿਊਟਰੋਫਿਲ ਨਹੀਂ ਬਣਾਉਂਦਾ, ਜਾਂ ਇਹ ਕੈਂਸਰ ਦਾ ਇਲਾਜ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਕਰਕੇ ਹੋ ਸਕਦਾ ਹੈ।

# NIVESTYM ਕਿਵੇਂ ਕੰਮ ਕਰਦੀ ਹੈ?

NIVESTYM ਕੋਈ ਕੀਮੋਥੈਰੇਪੀ ਨਹੀਂ ਹੈ, ਪਰ ਕਈ ਵਾਰ ਇਸਨੂੰ ਕੀਮੋਥੈਰੇਪੀ ਦੇ ਸੁਮੇਲ ਨਾਲ ਵਰਤਿਆ ਜਾ ਸਕਦਾ ਹੈ। ਇਹ ਗ੍ਰੈਨੂਲੋਸਾਈਟ ਕਲੋਨੀ-ਉਤੇਜਿਤ ਕਾਰਕ (G-CSF) ਦਾ ਇੱਕ ਮਨੁੱਖ ਵੱਲੋਂ ਤਿਆਰ ਕੀਤਾ ਰੂਪ ਹੈ, ਜੋ ਕਿ ਇੱਕ ਪ੍ਰੋਟੀਨ ਹੈ ਜੋ ਸਰੀਰ ਵੱਲੋਂ ਕੁਦਰਤੀ ਤੌਰ 'ਤੇ ਪੈਦਾ ਕੀਤਾ ਜਾਂਦਾ ਹੈ। ਇਸਨੂੰ ਬਣਾਵਟੀ ਤੌਰ 'ਤੇ ਇੱਕ ਕਿਸਮ ਦੇ *E. ਕੋਲੀ* ਬੈਕਟੀਰੀਆ ਤੋਂ ਬਣਾਇਆ ਜਾਂਦਾ ਹੈ ਅਤੇ ਇਹ ਤੁਹਾਡੇ ਸਰੀਰ ਨੂੰ ਵਧੇਰੇ ਨਿਊਟਰੋਫਿਲ ਬਣਾਉਣ ਵਿੱਚ ਮਦਦ ਕਰਨ ਰਾਹੀਂ ਕੰਮ ਕਰਦਾ ਹੈ, ਜੋ ਕਿ ਸਫੈਦ ਰਕਤ ਸੈੱਲਾਂ ਦੀ ਇੱਕ ਕਿਸਮ ਹਨ ਜੋ ਇਨਫੈਕਸ਼ਨ ਦੇ ਖਿਲਾਫ ਸਰੀਰ ਦੀ ਲੜਾਈ ਵਿੱਚ ਮਹੱਤਵਪੂਰਨ ਹਨ।

ਇਹ ਯਕੀਨੀ ਬਣਾਉਣ ਲਈ ਕਿ NIVESTYM ਕੰਮ ਕਰ ਰਹੀ ਹੈ, ਤੁਹਾਡਾ ਡਾਕਟਰ ਤੁਹਾਨੂੰ ਆਪਣੇ ਕੋਲ ਮੌਜੂਦ ਨਿਊਟਰੋਫਿਲਾਂ ਦੀ ਸੰਖਿਆ ਨੂੰ ਗਿਣਨ ਲਈ ਰੈਗੂਲਰ ਖੂਨ ਦੇ ਟੈਸਟ ਕਰਵਾਉਣ ਲਈ ਕਹੇਗਾ। ਇਹ ਮਹੱਤਵਪੂਰਨ ਹੈ ਕਿ ਤੁਸੀਂ ਇਨ੍ਹਾਂ ਟੈਸਟਾਂ ਨੂੰ ਕਰਵਾਉਣ ਬਾਰੇ ਆਪਣੇ ਡਾਕਟਰ ਦੀਆਂ ਹਦਾਇਤਾਂ ਦੀ ਪਾਲਣਾ ਕਰੋ।

# NIVESTYM ਕਿਹੜੇ ਰੂਪਾਂ ਵਿੱਚ ਉਪਲਬਧ ਹੈ?

**ਪਹਿਲਾਂ ਤੋਂ ਭਰੀਆਂ ਸਰਿੰਜਾਂ** (600 mcg/mL):



- BD Ultrasafe Plus™ ਪੈਸਿਵ ਨੀਡਲ ਗਾਰਡ ਦੇ ਨਾਲ ਇੱਕ ਇਕਹਰੀ-ਵਰਤੋਂ ਵਾਲੀ ਗ੍ਰੇਜੁਏਟਿਡਪਹਿਲਾਂ ਤੋਂ ਭਰੀ ਸਰਿੰਜ ਵਿੱਚ 300 mcg/0.5 mL
- BD Ultrasafe Plus™ ਪੈਸਿਵ ਨੀਡਲ ਗਾਰਡ ਦੇ ਨਾਲ ਇੱਕ ਇਕਹਰੀ-ਵਰਤੋਂ ਵਾਲੀ ਗ੍ਰੇਜੁਏਟਿਡਪਹਿਲਾਂ ਤੋਂ ਭਰੀ ਸਰਿੰਜ ਵਿੱਚ 480 mcg/0.8 mL

ਸਰਿੰਜ ਦੇ ਪਲੰਜਰ ਸਟੌਪਰ ਅਤੇ ਸੂਈ ਦੇ ਕਵਰ ਨੂੰ ਕੁਦਰਤੀ ਰਬੜ ਲੇਟੈਕਸ ਨਾਲ ਨਹੀਂ ਬਣਾਇਆ ਜਾਂਦਾ

**ਸ਼ੀਸ਼ੀਆਂ** (300 mcg/mL):



- ਇੱਕ ਵਾਰ ਵਰਤੀ ਜਾਣ ਵਾਲੀ ਸ਼ੀਸ਼ੀ ਵਿੱਚ 300 mcg/1 mL
- ਇੱਕ ਵਾਰ ਵਰਤੀ ਜਾਣ ਵਾਲੀ ਸ਼ੀਸ਼ੀ ਵਿੱਚ 480 mcg/1.6 mL

ਸ਼ੀਸ਼ੀ ਦੇ ਸਟੌਪਰ ਨੂੰ ਕੁਦਰਤੀ ਰਬੜ ਲੇਟੈਕਸ ਨਾਲ ਨਹੀਂ ਬਣਾਇਆ ਜਾਂਦਾ

# ਮੈਨੂੰ NIVESTYM ਕਿਵੇਂ ਦਿੱਤੀ ਜਾਵੇਗੀ?

NIVESTYM ਚਮੜੀ ਦੇ ਹੇਠਾਂ ਟੀਕੇ ਜਾਂ ਨਸ ਰਾਹੀਂ ਦਿੱਤੇ ਜਾਣ ਲਈ ਹੈ ਅਤੇ ਇਸਨੂੰ ਲਏ ਜਾਣ ਦੇ ਕਿਸੇ ਹੋਰ ਰਸਤੇ ਰਾਹੀਂ ਨਹੀਂ ਦਿੱਤਾ ਜਾਣਾ ਚਾਹੀਦਾ। ਤੁਹਾਡਾ ਸਿਹਤ-ਸੰਭਾਲ ਪ੍ਰਦਾਤਾ ਇਹ ਫੈਸਲਾ ਕਰ ਸਕਦਾ ਹੈ ਕਿ ਚਮੜੀ ਦੇ ਹੇਠਾਂ ਟੀਕੇ ਤੁਹਾਡੇ ਵੱਲੋਂ ਜਾਂ ਤੁਹਾਡੇ ਸੰਭਾਲਕਰਤਾ ਵੱਲੋਂ ਘਰ ਵਿਖੇ ਦਿੱਤੇ ਜਾ ਸਕਦੇ ਹਨ।

ਜੇ NIVESTYM ਨੂੰ ਘਰ ਵਿਖੇ ਦਿੱਤਾ ਜਾਂਦਾ ਹੈ, ਤਾਂ ਇਸ ਬਾਰੇ ਜਾਣਕਾਰੀ ਲਈ ਪੰਨਾ 10-16 'ਤੇ ਵਿਸਤਰਿਤ "ਵਰਤੋਂ ਲਈ ਹਦਾਇਤਾਂ" ਦੇਖੋ ਕਿ NIVESTYM ਦੀ ਇੱਕ ਖ਼ੁਰਾਕ ਨੂੰ ਕਿਵੇਂ ਤਿਆਰ ਕਰਨਾ ਹੈ ਅਤੇ ਇਸਦਾ ਟੀਕਾ ਕਿਵੇਂ ਲਗਾਉਣਾ ਹੈ।

ਤੁਹਾਨੂੰ NIVESTYM ਦੀ ਇੱਕ ਪਹਿਲਾਂ ਤੋਂ ਭਰੀ ਸਰਿੰਜ ਤੋਂ 0.3 mL (180 mcg) ਤੋਂ ਘੱਟ NIVESTYM ਦੀ ਖ਼ੁਰਾਕ ਦਾ ਟੀਕਾ ਨਹੀਂ ਲਗਾਉਣਾ ਚਾਹੀਦਾ। NIVESTYM ਦੀ ਪਹਿਲਾਂ ਤੋਂ ਭਰੀ ਸਰਿੰਜ ਨਾਲ 0.3 mL ਤੋਂ ਘੱਟ ਦੀ ਖ਼ੁਰਾਕ ਨੂੰ ਦਰੁਸਤ ਤਰੀਕੇ ਨਾਲ ਨਹੀਂ ਮਾਪਿਆ ਜਾ ਸਕਦਾ।

ਤੁਹਾਡਾ ਸਿਹਤ-ਸੰਭਾਲ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ NIVESTYM ਦਾ ਕਿੰਨ੍ਹਾ ਕੁ ਟੀਕਾ ਲਗਾਉਣਾ ਹੈ ਅਤੇ ਇਸਦਾ ਟੀਕਾ ਕਦੋਂ ਲਗਾਉਣਾ ਹੈ। ਆਪਣੀ ਖ਼ੁਰਾਕ ਵਿੱਚ ਤਬਦੀਲੀ ਨਾ ਕਰੋ ਜਾਂ NIVESTYM ਨੂੰ ਬੰਦ ਨਾ ਕਰੋ ਜਦੋਂ ਤੱਕ ਕਿ ਤੁਹਾਡੇ ਸਿਹਤ-ਸੰਭਾਲ ਪ੍ਰਦਾਤਾ ਵੱਲੋਂ ਹਦਾਇਤ ਨਾ ਦਿੱਤੀ ਗਈ ਹੋਵੇ।

ਜੇਕਰ ਤੁਸੀਂ NIVESTYM ਕੀਮੋਥੈਰੇਪੀ ਲੈਣ ਦੇ ਦੌਰਾਨ ਪ੍ਰਾਪਤ ਕਰ ਰਹੇ ਹੋ, ਤਾਂ ਤੁਹਾਡੀ NIVESTYM ਦੀ ਖ਼ੁਰਾਕ ਦਾ ਟੀਕਾ ਕੀਮੋਥੈਰੇਪੀ ਦੀ ਤੁਹਾਡੀ ਖ਼ੁਰਾਕ ਤੋਂ ਘੱਟੋ ਘੱਟ 24 ਘੰਟੇ ਪਹਿਲਾਂ ਜਾਂ 24 ਘੰਟਿਆਂ ਬਾਅਦ ਲਗਾਇਆ ਜਾਣਾ ਚਾਹੀਦਾ ਹੈ।

ਜੇਕਰ ਤੁਸੀਂ NIVESTYM ਦੀ ਕਿਸੇ ਖ਼ੁਰਾਕ ਤੋਂ ਖੁੰਝ ਜਾਂਦੇ ਹੋ, ਤਾਂ ਜਿੰਨੀ ਜਲਦੀ ਹੋ ਸਕੇ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਨੂੰ ਆਪਣੀ ਅਗਲੀ ਖ਼ੁਰਾਕ ਕਦੋਂ ਲੈਣੀ ਚਾਹੀਦੀ ਹੈ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਬਹੁਤ ਜ਼ਿਆਦਾ NIVESTYM ਦਿੱਤੀ ਗਈ ਹੈ, ਤਾਂ ਤੁਰੰਤ ਆਪਣੇ ਸਿਹਤ-ਸੰਭਾਲ ਪੇਸ਼ੇਵਰ, ਹਸਪਤਾਲ ਦੇ ਸੰਕਟਕਾਲੀਨ ਵਿਭਾਗ, ਜਾਂ ਖੇਤਰੀ ਜ਼ਹਿਰ ਕੰਟਰੋਲ ਨਾਲ ਸੰਪਰਕ ਕਰੋ। ਇਹ ਉਦੋਂ ਵੀ ਢੁੱਕਵਾਂ ਹੈ ਭਾਵੇਂ ਤੁਹਾਨੂੰ ਕਿਸੇ ਲੱਛਣਾਂ ਦਾ ਅਨੁਭਵ ਨਹੀਂ ਹੋ ਰਿਹਾ ਹੈ।

## ਮੈਂ ਆਪਣੇ ਆਪ ਨੂੰ NIVESTYM ਕਿਵੇਂ ਦੇ ਸਕਦਾ ਹਾਂ?

ਤੁਹਾਡੇ ਸਿਹਤ-ਸੰਭਾਲ ਪ੍ਰਦਾਤਾ ਨੂੰ ਤੁਹਾਨੂੰ ਅਤੇ ਤੁਹਾਡੇ ਸੰਭਾਲਕਰਤਾ ਨੂੰ ਇਹ ਦਿਖਾਉਣਾ ਚਾਹੀਦਾ ਹੈ ਕਿ ਤੁਹਾਡੇ ਵੱਲੋਂ ਇਸਦੀ ਵਰਤੋਂ ਕਰਨ ਤੋਂ ਪਹਿਲਾਂ NIVESTYM ਨੂੰ ਕਿਵੇਂ ਤਿਆਰ ਕਰਨਾ ਹੈ ਅਤੇ ਇਸਦਾ ਟੀਕਾ ਕਿਵੇਂ ਲਗਾਉਣਾ ਹੈ।

NIVESTYM ਦੀ ਇੱਕ ਖ਼ੁਰਾਕ ਨੂੰ ਕਿਵੇਂ ਤਿਆਰ ਕਰਨਾ ਹੈ ਅਤੇ ਇਸਦਾ ਟੀਕਾ ਕਿਵੇਂ ਲਗਾਉਣਾ ਹੈ, ਇਸ ਬਾਰੇ ਜਾਣਕਾਰੀ ਲਈ ਪੰਨਾ 10-16 'ਤੇ ਵਿਸਤਰਿਤ "ਵਰਤੋਂ ਲਈ ਹਦਾਇਤਾਂ" ਦੇਖੋ।

# ਮਹੱਤਵਪੂਰਨ ਸੁਰੱਖਿਆ ਜਾਣਕਾਰੀ

## NIVESTYM ਲੈਣ ਤੋਂ ਪਹਿਲਾਂ, ਮੈਨੂੰ ਕੀ ਜਾਣਕਾਰੀ ਹੋਣੀ ਚਾਹੀਦੀ ਹੈ?

ਜੇ ਤੁਹਾਨੂੰ ਫਿਲਗਰਾਸਟਿਮ ਜਾਂ ਉਤਪਾਦ ਵਿੱਚ ਪਾਏ ਜਾਂਦੇ ਕਿਸੇ ਹੋਰ ਸੰਘਟਕਾਂ ਤੋਂ, ਜਾਂ ਬੈਕਟੀਰੀਆ *E. ਕੋਲੀ* ਦੀ ਵਰਤੋਂ ਕਰਕੇ ਬਣਾਈਆਂ ਗਈਆਂ ਹੋਰ ਦਵਾਈਆਂ ਤੋਂ ਐਲਰਜੀ (ਅਤੀ ਸੰਵੇਦਨਸ਼ੀਲ) ਹੈ ਤਾਂ NIVESTYM ਦੀ ਵਰਤੋਂ ਨਾ ਕਰੋ । ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਤਾਂ ਆਪਣੇ ਡਾਕਟਰ ਨੂੰ ਪੁੱਛੋ।

ਇਸਤੋਂ ਪਹਿਲਾਂ ਕਿ ਤੁਸੀਂ NIVESTYM ਲਵੋਂ, ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਤੁਹਾਡੀਆਂ ਸਾਰੀਆਂ ਡਾਕਟਰੀ ਅਵਸਥਾਵਾਂ ਬਾਰੇ ਦੱਸੋ, ਜਿਸ ਵਿੱਚ ਇਹ ਵੀ ਸ਼ਾਮਲ ਹਨ ਜੇਕਰ:

- ਤੁਹਾਡੇ ਖੱਬੇ ਢਿੱਡ ਦੇ ਖੇਤਰ ਵਿੱਚ ਜਾਂ ਤੁਹਾਡੇ ਮੋਢੇ ਦੇ ਸਿਰੇ 'ਤੇ ਦਰਦ ਹੈ
- ਤੁਹਾਨੂੰ ਓਸਟੀਓਪੋਰੋਸਿਸ ਹੈ (ਹੱਡੀਆਂ ਵਿੱਚੋਂ ਕੈਲਸ਼ੀਅਮ ਦੀ ਕਮੀ, ਜਿਸਦੇ ਸਿੱਟੇ ਵਜੋਂ ਹੱਡੀਆਂ ਕਮਜ਼ੋਰ ਅਤੇ ਨਾਜ਼ੁਕ ਹੋ ਜਾਂਦੀਆਂ ਹਨ)
- ਤੁਸੀਂ ਕਿਸੇ ਹੋਰ ਬਿਮਾਰੀ ਤੋਂ ਪੀੜਤ ਹੋ, ਖਾਸ ਕਰਕੇ ਕਿਸੇ ਵੀ ਇਨਫੈਕਸ਼ਨ ਤੋਂ
- ਤੁਹਾਨੂੰ ਖੰਘ, ਬੁਖ਼ਾਰ ਅਤੇ ਸਾਹ ਲੈਣ ਵਿੱਚ ਮੁਸ਼ਕਿਲ ਦਾ ਅਨੁਭਵ ਹੁੰਦਾ ਹੈ
- ਤੁਹਾਨੂੰ ਸਿਕਲ ਸੈੱਲ ਦੇ ਲੱਛਣ ਜਾਂ ਸਿਕਲ ਸੈੱਲ ਬਿਮਾਰੀ (ਇੱਕ ਵਿਰਾਸਤ ਵਿੱਚ ਮਿਲਣ ਵਾਲੀ ਖ਼ੂਨ ਦੀ ਬਿਮਾਰੀ ਜੋ ਲਾਲ ਰਕਤ ਸੈੱਲਾਂ ਨੂੰ ਪ੍ਰਭਾਵਿਤ ਕਰਦੀ ਹੈ) ਹੈ। ਸਿਕਲ ਸੈੱਲ ਦੇ ਲੱਛਣ ਜਾਂ ਸਿਕਲ ਸੈੱਲ ਬਿਮਾਰੀ ਵਾਲੇ ਮਰੀਜ਼ਾਂ ਵਿੱਚ, ਗੰਭੀਰ ਸਿਕਲ ਸੈੱਲ ਸੰਕਟ ਵਿੱਚ NIVESTYM ਦੀ ਵਰਤੋਂ ਨਾਲ ਜੋੜਿਆ ਗਿਆ ਹੈ, ਜਿਸਦੇ ਸਿੱਟੇ ਵਜੋਂ ਕੁਝ ਮਾਮਲਿਆਂ ਵਿੱਚ ਮੌਤ ਹੋ ਜਾਂਦੀ ਹੈ
- ਤੁਸੀਂ ਕੋਈ ਹੋਰ ਦਵਾਈਆਂ ਲੈ ਰਹੇ ਹੋ ਜਾਂ ਹਾਲੀਆ ਸਮੇਂ ਵਿੱਚ ਲਈਆਂ ਹਨ, ਜਿੰਨ੍ਹਾਂ ਵਿੱਚ ਉਹ ਦਵਾਈਆਂ ਵੀ ਸ਼ਾਮਲ ਹਨ ਜੋ ਬਿਨਾਂ ਤਜਵੀਜ਼ ਦੇ ਪ੍ਰਾਪਤ ਕੀਤੀਆਂ ਗਈਆਂ ਹਨ
- ਗਰਭਵਤੀ ਹੋ ਜਾਂ ਗਰਭਵਤੀ ਹੋਣ ਦੀ ਯੋਜਨਾ ਬਣਾ ਰਹੇ ਹੋ। ਇਹ ਪਤਾ ਨਹੀਂ ਹੈ ਕਿ ਕੀ NIVESTYM ਤੁਹਾਡੇ ਅਣਜੰਮੇ ਬੱਚੇ ਨੂੰ ਨੁਕਸਾਨ ਪਹੁੰਚਾਏਗੀ
- ਤੁਸੀਂ ਛਾਤੀ ਦਾ ਦੁੱਧ ਪਿਲਾ ਰਹੇ ਹੋ ਜਾਂ ਛਾਤੀ ਦਾ ਦੁੱਧ ਪਿਲਾਉਣ ਦੀ ਯੋਜਨਾ ਬਣਾ ਰਹੇ ਹੋ। ਜੇਕਰ ਤੁਸੀਂ ਗਰਭਵਤੀ ਹੋਣ ਦੌਰਾਨ NIVESTYM ਲੈਂਦੇ ਹੋ, ਤਾਂ ਇਹ ਸੰਭਵ ਹੈ ਕਿ ਇਸਦੀਆਂ ਛੋਟੀਆਂ ਮਾਤਰਾਵਾਂ ਤੁਹਾਡੇ ਬੱਚੇ ਦੇ ਖ਼ੂਨ ਵਿੱਚ ਜਾ ਸਕਦੀਆਂ ਹਨ। ਇਹ ਪਤਾ ਨਹੀਂ ਹੈ ਕਿ ਕੀ NIVESTYM ਤੁਹਾਡੀਆਂ ਛਾਤੀਆਂ ਦੇ ਦੁੱਧ ਵਿੱਚ ਚਲਾ ਜਾਂਦਾ ਹੈ ਜਾਂ ਨਹੀਂ

ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਤੁਹਾਡੇ ਵੱਲੋਂ ਲਈਆਂ ਜਾਂਦੀਆਂ ਸਾਰੀਆਂ ਦਵਾਈਆਂ, ਵਿਟਾਮਿਨਾਂ, ਸਪਲੀਮੈਂਟਾਂ ਅਤੇ ਵਿਕਲਪਕ ਦਵਾਈਆਂ ਬਾਰੇ ਦੱਸੋ।

# ਮਹੱਤਵਪੂਰਨ ਸੁਰੱਖਿਆ ਜਾਣਕਾਰੀ

## NIVESTYM ਦੇ ਸੰਭਾਵੀ ਅਣਚਾਹੇ ਅਸਰ ਕੀ ਹਨ?

NIVESTYM ਅਣਚਾਹੇ ਅਸਰਾਂ ਦਾ ਕਾਰਨ ਬਣ ਸਕਦਾ ਹੈ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- **ਤਿੱਲੀ ਦਾ ਫਟਣਾ।** NIVESTYM ਲੈਂਦੇ ਸਮੇਂ ਤੁਹਾਡੀ ਤਿੱਲੀ ਵੱਡੀ ਹੋ ਸਕਦੀ ਹੈ ਅਤੇ ਫੱਟ ਸਕਦੀ ਹੈ। ਇੱਕ ਫਟੀ ਤਿੱਲੀ ਮੌਤ ਦਾ ਕਾਰਨ ਬਣ ਸਕਦੀ ਹੈ। ਤਿੱਲੀ ਪੇਟ ਜਾਂ ਪੇਟ ਦੇ ਖੇਤਰ ਦੇ ਉੱਪਰਲੇ ਖੱਬੇ ਭਾਗ ਵਿੱਚ ਸਥਿਤ ਹੁੰਦੀ ਹੈ। ਜੇਕਰ ਤੁਹਾਨੂੰ ਪੇਟ ਦੇ ਖੱਬੇ ਉੱਪਰਲੇ ਭਾਗ ਜਾਂ ਖੱਬੇ ਮੋਢੇ ਦੇ ਸਿਰੇ ਵਾਲੇ ਖੇਤਰ ਵਿੱਚ ਦਰਦ ਹੈ ਤਾਂ ਆਪਣੇ ਡਾਕਟਰ ਨੂੰ ਤੁਰੰਤ ਕਾਲ ਕਰੋ। ਇਸ ਦਰਦ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਡੀ ਤਿੱਲੀ ਵੱਡੀ ਹੋ ਗਈ ਹੈ ਜਾਂ ਫੱਟ ਗਈ ਹੈ।
- **ਗੰਭੀਰ ਐਲਰਜੀ ਵਾਲੇ ਰਿਐਕਸ਼ਨ।** NIVESTYM ਕਾਰਨ ਗੰਭੀਰ ਐਲਰਜੀ ਵਾਲੇ ਰਿਐਕਸ਼ਨ ਹੋ ਸਕਦੇ ਹਨ। ਇਹ ਰਿਐਕਸ਼ਨ ਤੁਹਾਡੇ ਸਾਰੇ ਸਰੀਰ 'ਤੇ ਰਕਤ-ਪਿੱਤੀ, ਸਾਹ ਦੀ ਕਮੀ, ਛਾਤੀ ਵਿੱਚੋਂ ਸੀਟੀਆਂ ਵੱਜਣ ਦੀ ਆਵਾਜ਼ ਆਉਣਾ, ਚੱਕਰ ਆਉਣੇ, ਤੁਹਾਡੇ ਮੂੰਹ ਜਾਂ ਅੱਖਾਂ ਦੇ ਦੁਆਲੇ ਸੋਜਸ਼, ਦਿਲ ਦੀ ਤੇਜ਼ ਧੜਕਣ ਅਤੇ ਪਸੀਨਾ ਆਉਣ ਦਾ ਕਾਰਨ ਬਣ ਸਕਦੇ ਹਨ। ਜੇਕਰ ਤੁਹਾਡੇ ਵਿੱਚ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਹਨ, ਤਾਂ NIVESTYM ਦੀ ਵਰਤੋਂ ਕਰਨਾ ਬੰਦ ਕਰ ਦਿਓ ਅਤੇ ਆਪਣੇ ਡਾਕਟਰ ਨੂੰ ਕਾਲ ਕਰੋ ਜਾਂ ਤੁਰੰਤ ਐਮਰਜੈਂਸੀ ਸੰਭਾਲ ਦੀ ਮੰਗ ਕਰੋ। ਜੇਕਰ NIVESTYM ਦੇ ਟੀਕੇ ਦੌਰਾਨ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਐਲਰਜੀ ਵਾਲਾ ਰਿਐਕਸ਼ਨ ਹੋ ਜਾਂਦਾ ਹੈ, ਤਾਂ ਟੀਕੇ ਨੂੰ ਤੁਰੰਤ ਬੰਦ ਕਰ ਦਿਓ।
- **ਫੇਫੜਿਆਂ ਦੀ ਇੱਕ ਗੰਭੀਰ ਸਮੱਸਿਆ ਜਿਸਨੂੰ ਅਕਿਊਟ ਰੈਸਪੀਰੇਟਰੀ ਡਿਸਟਰੈਸ ਸਿੰਡਰੋਮ (ARDS) ਕਹਿੰਦੇ ਹਨ।** ਜੇਕਰ ਤੁਹਾਨੂੰ ਸਾਹ ਚੜ੍ਹਦਾ ਹੈ, ਸਾਹ ਲੈਣ ਵਿੱਚ ਮੁਸ਼ਕਿਲ ਹੈ, ਜਾਂ ਜੇ ਤੁਹਾਡੀ ਸਾਹ ਲੈਣ ਦੀ ਦਰ ਤੇਜ਼ ਹੈ ਤਾਂ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਕਾਲ ਕਰੋ ਜਾਂ ਤੁਰੰਤ ਐਮਰਜੈਂਸੀ ਡਾਕਟਰੀ ਮਦਦ ਪ੍ਰਾਪਤ ਕਰੋ।
- **ਸਿਕਲ ਸੈੱਲ ਸੰਕਟ।** ਜੇਕਰ ਤੁਹਾਨੂੰ ਹੱਡੀਆਂ, ਛਾਤੀ, ਆਂਤੜੀਆਂ, ਜਾਂ ਜੋੜਾਂ ਵਿੱਚ ਤੀਬਰ ਦਰਦ ਮਹਿਸੂਸ ਹੁੰਦਾ ਹੈ ਤਾਂ ਆਪਣੇ ਡਾਕਟਰ ਨੂੰ ਕਾਲ ਕਰੋ ਜਾਂ ਤੁਰੰਤ ਐਮਰਜੈਂਸੀ ਸੰਭਾਲ ਦੀ ਮੰਗ ਕਰੋ।
- **ਗੁਰਦੇ ਦੀ ਸੱਟ (ਗਲੋਮੇਰੂਲੋਨਫ੍ਰਾਈਟਿਸ)।** ਜੇਕਰ ਤੁਹਾਨੂੰ ਚਿਹਰੇ ਜਾਂ ਗਿੱਟਿਆਂ ਵਿੱਚ ਸੋਜ਼ਸ, ਭੂਰੇ ਰੰਗ ਦਾ ਪਿਸ਼ਾਬ ਜਾਂ ਪਿਸ਼ਾਬ ਵਿੱਚ ਖ਼ੂਨ ਆਉਂਦਾ ਹੈ, ਜਾਂ ਜੇਕਰ ਤੁਸੀਂ ਦੇਖਦੇ ਹੋ ਕਿ ਤੁਸੀਂ ਆਮ ਨਾਲੋਂ ਘੱਟ ਵਾਰ ਪਿਸ਼ਾਬ ਕਰਦੇ ਹੋ ਤਾਂ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਤੁਰੰਤ ਕਾਲ ਕਰੋ।

ਸਭ ਤੋਂ ਵੱਧ ਆਮ ਅਣਚਾਹੇ ਅਸਰ ਜੋ ਤੁਸੀਂ ਮਹਿਸੂਸ ਕਰ ਸਕਦੇ ਹੋ ਉਹ ਹੈ ਹੱਡੀ, ਜੋੜਾਂ, ਅਤੇ/ਜਾਂ ਮਾਸਪੇਸ਼ੀ ਦਾ ਦਰਦ। ਇਸ ਦਰਦ ਤੋਂ ਆਮ ਤੌਰ 'ਤੇ ਇੱਕ ਨਾਨ-ਐਸੀਟਾਈਲਸੈਲੀਸਲਿਕ ਐਸਿਡ (ਨਾਨ-ਐਸਪੀਰੀਨ) ਦਰਦ ਨਿਵਾਰਕ ਜਿਵੇਂ ਕਿ ਐਸੀਟਾਮਾਈਨੋਫੇਨ ਲੈਣ ਨਾਲ ਰਾਹਤ ਪਾਈ ਜਾ ਸਕਦੀ ਹੈ।

ਹੋਰ ਆਮ ਅਣਚਾਹੇ ਅਸਰ ਹੋ ਸਕਦੇ ਹਨ ਥਕਾਵਟ, ਸਿਰ ਦਰਦ, ਭੁੱਖ ਵਿੱਚ ਕਮੀ, ਦਸਤ, ਖਾਂਸੀ, ਗਲ਼ਾ ਖਰਾਬ ਹੋਣਾ, ਲਿਵਰ ਦੇ ਪਾਚਕ ਰਸਾਂ ਵਿੱਚ ਵਾਧਾ ਅਤੇ ਪਲੇਟਲੈੱਟਸ (ਕਲੌਟਿੰਗ ਵਿੱਚ ਸ਼ਾਮਲ ਸੈੱਲ) ਵਿੱਚ ਕਮੀ, ਜੋ ਖ਼ੂਨ ਵਗਣ ਜਾਂ ਨੀਲ ਪੈਣ ਦੇ ਖਤਰੇ ਨੂੰ ਵਧਾ ਦਿੰਦਾ ਹੈ।

ਕੁਝ ਲੋਕਾਂ ਨੂੰ ਟੀਕੇ ਵਾਲੇ ਸਥਾਨ 'ਤੇ ਗੰਢ, ਲਾਲੀ, ਸੋਜਸ਼, ਨੀਲ ਪੈਣਾ, ਜਾਂ ਜਲਣ ਦਾ ਸਾਹਮਣਾ ਕਰਨਾ ਪੈਂਦਾ ਹੈ। ਹੋ ਸਕਦਾ ਹੈ ਇਹ NIVESTYM ਵਿਚਲੇ ਸੰਘਟਕਾਂ ਤੋਂ ਐਲਰਜੀ ਹੋਵੇ ਜਾਂ ਫਿਰ ਇਹ ਕੋਈ ਸਾਧਾਰਣ ਰਿਐਕਸ਼ਨ ਹੋ ਸਕਦਾ ਹੈ। ਜੇਕਰ ਤੁਹਾਨੂੰ ਕਿਸੇ ਸਾਧਾਰਣ ਰਿਐਕਸ਼ਨ ਦੇ ਕੋਈ ਚਿੰਨ੍ਹ ਨਜ਼ਰ ਆਉਂਦੇ ਹਨ, ਤਾਂ ਆਪਣੇ ਡਾਕਟਰ ਨੂੰ ਕਾਲ ਕਰੋ। **ਜੇਕਰ ਕਿਸੇ ਵੀ ਸਮੇਂ ਕੋਈ ਗੰਭੀਰ ਐਲਰਜੀ ਵਾਲਾ ਰਿਐਕਸ਼ਨ ਹੁੰਦਾ ਹੈ, ਤਾਂ ਤੁਰੰਤ ਕਿਸੇ ਸਿਹਤ-ਸੰਭਾਲ ਪ੍ਰਦਾਤਾ ਜਾਂ ਐਮਰਜੈਂਸੀ ਸੇਵਾਵਾਂ ਨੂੰ ਕਾਲ ਕਰੋ (ਉਦਾਹਰਨ ਲਈ, 911 'ਤੇ ਕਾਲ ਕਰੋ)।**

ਜੇਕਰ ਕੀਮੋਥੈਰੇਪੀ ਦੇ ਬਾਅਦ NIVESTYM ਲੈਂਦੇ ਸਮੇਂ ਤੁਹਾਨੂੰ ਗੈਰ-ਸਾਧਾਰਨ ਖ਼ੂਨ ਵਗਣ ਜਾਂ ਨੀਲ ਪੈਣ ਦਾ ਤਜ਼ਰਬਾ ਹੁੰਦਾ ਹੈ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ ਕਿਉਂਕਿ ਇਸਦਾ ਮਤਲਬ ਪਲੇਟਲੈੱਟਸ ਵਿੱਚ ਕਮੀ ਹੋ ਸਕਦਾ ਹੈ, ਜੋ ਖ਼ੂਨ ਦੇ ਕਲੌਟ(ਥੱਕੇ) ਹੋਣ ਦੀ ਯੋਗਤਾ ਨੂੰ ਘੱਟ ਕਰ ਦਿੰਦਾ ਹੈ।

ਇਹ NIVESTYM ਦੇ ਸਾਰੇ ਸੰਭਾਵੀ ਅਣਚਾਹੇ ਅਸਰ ਨਹੀਂ ਹਨ। ਅਣਚਾਹੇ ਅਸਰਾਂ ਬਾਰੇ ਡਾਕਟਰੀ ਸਲਾਹ ਲਈ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਕਾਲ ਕਰੋ।



# ਮੈਂ ਆਪਣੇ ਇਨਫੈਕਸ਼ਨ ਹੋਣ ਦੇ ਖਤਰੇ ਨੂੰ ਕਿਵੇਂ ਘੱਟ ਕਰ ਸਕਦਾ/ਸਕਦੀ ਹਾਂ?

ਨਿਊਟਰੋਪੇਨੀਆ ਇੱਕ ਅਜਿਹੀ ਅਵਸਥਾ ਹੈ ਜੋ ਤੁਹਾਨੂੰ ਇਨਫੈਕਸ਼ਨ ਦਾ ਵਧੇਰੇ ਖਤਰਾ ਦਿੰਦੀ ਹੈ। ਇਸ ਲਈ, ਜਦੋਂ ਤੁਸੀਂ NIVESTYM ਲੈ ਰਹੇ ਹੋਵੋਂ, ਤਾਂ ਨਿਮਨਲਿਖਤ ਚੀਜ਼ਾਂ ਨੂੰ ਕਰਕੇ ਇਨਫੈਕਸ਼ਨ ਤੋਂ ਬਚਣ ਦੀ ਕੋਸ਼ਿਸ਼ ਕਰੋ:

1. ਨਿੱਜੀ ਤੌਰ 'ਤੇ ਸਾਫ਼-ਸਫ਼ਾਈ ਰੱਖੋ

- **ਆਪਣੇ ਹੱਥਾਂ ਨੂੰ ਅਕਸਰ ਧੋਵੋ**, ਖ਼ਾਸ ਕਰਕੇ ਖਾਣਾ ਖਾਣ ਤੋਂ ਪਹਿਲਾਂ ਅਤੇ ਤੁਹਾਡੇ ਬਾਥਰੂਮ ਜਾਣ ਦੇ ਬਾਅਦ
- **ਆਪਣੇ ਹੱਥਾਂ ਨੂੰ ਕੀਟਾਣੂੰ-ਮੁਕਤ ਕਰਨ ਲਈ ਹੈਂਡ ਸੈਨੀਟਾਈਜ਼ਰ** (ਇੱਕ ਛੋਟੀ ਬੋਤਲ) ਨਾਲ ਰੱਖੋ
- ਹਰ ਰੋਜ਼ **ਇੱਕ ਕੋਸੇ ਪਾਣੀ ਨਾਲ ਇਸ਼ਨਾਨ ਲਓ** (ਗਰਮ ਪਾਣੀ ਨਾਲ ਨਹੀਂ) (ਤਾਂ ਕਿ ਤੁਹਾਡੀ ਚਮੜੀ ਖੁਸ਼ਕ ਨਾ ਹੋਵੇ)
- ਆਪਣੇ ਦੰਦਾਂ ਨੂੰ ਸਾਫ਼ ਕਰਨ ਲਈ **ਇੱਕ ਨਰਮ ਦੰਦਾਂ ਵਾਲੇ ਬੁਰਸ਼ ਦੀ ਵਰਤੋਂ ਕਰੋ** ਅਤੇ ਆਪਣੇ ਮਸੂੜਿਆਂ ਨੂੰ ਪਰੇਸ਼ਾਨ ਕਰਨ ਤੋਂ ਬਚੋ

2. ਆਪਣੀ ਚਮੜੀ ਦਾ ਬਚਾਅ ਕਰੋ

- ਜੇਕਰ ਤੁਹਾਡੀ ਚਮੜੀ ਖੁਸ਼ਕ ਹੋ ਜਾਂਦੀ ਹੈ ਜਾਂ ਫੱਟ ਜਾਂਦੀ ਹੈ ਤਾਂ **ਨਮ ਕਰਨ ਵਾਲੇ ਲੋਸ਼ਨਾਂ ਦੀ ਵਰਤੋਂ ਕਰੋ**
- ਜਦੋਂ ਤੁਸੀਂ ਬਰਤਨ ਜਾਂ ਬਗੀਚਾ ਸਾਫ਼ ਕਰਦੇ ਹੋ, ਤਾਂ ਉਸ ਸਮੇਂ **ਰਬੜ ਦੇ ਦਸਤਾਨੇ ਪਹਿਨੋ**
- **ਮੁਹਾਸਿਆਂ ਨੂੰ ਫੇਹੋ ਨਾ ਜਾਂ ਖੁਰਚੋ ਨਾ**
- ਤੁਹਾਡੀ ਚਮੜੀ ਨੂੰ ਕੱਟਣ ਤੋਂ ਬਚਣ ਲਈ ਬਲੇਡ ਦੀ ਬਜਾਏ **ਬਿਜਲੀ ਵਾਲੇ ਸ਼ੇਵਰ ਦੀ ਵਰਤੋਂ ਕਰੋ**
- ਜਦੋਂ ਤੁਸੀਂ ਕੱਪੜੇ ਪ੍ਰੈਸ ਕਰਦੇ ਹੋ ਜਾਂ ਖਾਣਾ ਪਕਾਉਂਦੇ ਹੋ ਤਾਂ **ਜਲਣ ਤੋਂ ਬਚੋ**
- **ਕਿਸੇ ਵੀ ਕੱਟ ਜਾਂ ਖੁਰਚਣ ਨੂੰ ਤੁਰੰਤ** ਕੋਸੇ ਪਾਣੀ ਅਤੇ ਸਾਬਣ ਨਾਲ ਸਾਫ਼ ਕਰੋ

3. ਸਮੁੱਚੇ ਤੌਰ 'ਤੇ ਸਿਹਤਮੰਦ ਰਹਿਣ ਦੀ ਕੋਸ਼ਿਸ਼ ਕਰੋ

- **ਕਾਫੀ ਆਰਾਮ ਕਰੋ**
- **ਇੱਕ ਚੰਗੀ ਤਰ੍ਹਾਂ ਸੰਤੁਲਿਤ ਖੁਰਾਕ ਖਾਓ**
- **ਲੋੜੀਂਦੀ ਮਾਤਰਾ ਵਿੱਚ ਤਰਲ ਪੀਓ**
- ਜਿੰਨੀ ਵਾਰ ਹੋ ਸਕੇ **ਕਸਰਤ ਕਰੋ**
- **ਕਿਸੇ ਵੀ ਅਜਿਹੇ ਵਿਅਕਤੀ ਤੋਂ ਦੂਰ ਰਹੋ ਜਿਸਨੂੰ ਜ਼ੁਕਾਮ**, ਫਲੂ, ਜਾਂ ਕੋਈ ਛੂਤ ਦੀ ਬਿਮਾਰੀ ਹੈ
- **ਭੀੜ-ਭੜੱਕੇ ਤੋਂ ਬਚੋ**, ਜਿਵੇਂ ਕਿ ਸ਼ਾਪਿੰਗ ਮਾਲਾਂ ਵਿੱਚ ਜਾਂ ਬੱਸਾਂ ਵਿੱਚ ਲੱਗੀਆਂ ਭੀੜਾਂ ਤੋਂ ਬਚੋ
- **ਅਣਪਕਾਏ ਆਂਡਿਆਂ, ਕੱਚੇ ਜਾਂ ਘੱਟ ਪਕਾਏ ਮੀਟਾਂ, ਪੋਲਟਰੀ, ਮੱਛੀ, ਅਤੇ ਸਮੁੰਦਰੀ ਭੋਜਨ ਤੋਂ ਪਰਹੇਜ਼ ਕਰੋ**
- **ਪੌਦਿਆਂ ਨੂੰ ਲਿਵਿੰਗ ਖੇਤਰ ਤੋਂ ਬਾਹਰ ਕੱਢੋ**—ਜਿਉਂਦੇ ਪੌਦੇ ਕੀਟਾਣੂਆਂ ਦਾ ਸਰੋਤ ਹੋ ਸਕਦੇ ਹਨ
- **ਕੈਟ ਲਿਟਰ ਬਕਸਿਆਂ ਜਾਂ ਪੰਛੀਆਂ ਦੇ ਪਿੰਜਰਿਆਂ** ਨੂੰ ਸਾਫ਼ ਕਰਨ ਤੋਂ ਪਰਹੇਜ਼ ਕਰੋ



# ਇਨਫੈਕਸ਼ਨਾਂ ਦੀ ਪਛਾਣ ਕਰੋ ਅਤੇ ਇਨ੍ਹਾਂ ਦੀ ਰਿਪੋਰਟ ਕਰੋ

ਇਨਫੈਕਸ਼ਨ ਦੇ ਕਿਸੇ ਵੀ ਲੱਛਣਾਂ ਦੀ ਰਿਪੋਰਟ ਆਪਣੇ ਡਾਕਟਰ ਜਾਂ ਸਿਹਤ-ਸੰਭਾਲ ਟੀਮ ਨੂੰ ਕਰਨਾ ਯਾਦ ਰੱਖੋ।

ਕਿਸੇ ਵੀ ਇਨਫੈਕਸ਼ਨ ਦੇ ਸਭ ਤੋਂ ਵੱਧ ਆਮ ਚਿੰਨ੍ਹਾਂ ਅਤੇ ਲੱਛਣਾਂ ਵਿੱਚ ਸ਼ਾਮਲ ਹਨ:

- ਬੁਖਾਰ ਅਤੇ ਕਾਂਬਾ ਲੱਗਣਾ
- ਛਪਾਕੀ, ਸੋਜਸ਼, ਅਤੇ ਲਾਲੀ
- ਮੂੰਹ ਦੇ ਛਾਲੇ, ਜਾਂ ਮੂੰਹ ਵਿੱਚ ਲਾਲ ਜਾਂ ਸਫੇਦ ਧੱਬੇ
- ਗਲੇ ਵਿੱਚ ਖਰਾਸ਼
- ਤੀਬਰ ਖੰਘ ਜਾਂ ਸਾਹ ਚੜ੍ਹਨਾ
- ਪਿਸ਼ਾਬ ਕਰਦੇ ਸਮੇਂ ਦਰਦ ਜਾਂ ਜਲਣ, ਜਾਂ ਭੈੜੀ ਗੰਧ ਵਾਲਾ ਪਿਸ਼ਾਬ
- ਦਸਤ
- ਪਾਣੀ ਵਹਿਣਾ, ਪਾਕ, ਲਾਲੀ, ਕਿਸੇ ਕੱਟ, ਫੋੜੇ, ਜਾਂ ਚੀਰੇ ਤੋਂ ਸੋਜਸ਼ ਜਾਂ ਦਰਦ

*ਆਪਣੀ ਸਿਹਤ-ਸੰਭਾਲ ਟੀਮ ਕੋਲੋਂ ਪਹਿਲਾਂ ਪੜਤਾਲ ਕੀਤੇ ਬਗੈਰ ਬੁਖਾਰ ਵਾਸਤੇ ਕੋਈ ਵੀ ਦਵਾਈਆਂ ਨਾ ਲਓ।*

# ਮਦਦਗਾਰ ਵੈੱਬ ਸਰੋਤ

www.cancer.ca (ਕੈਨੇਡੀਅਨ ਕੈਂਸਰ ਸੋਸਾਇਟੀ)

www.cancer.org (ਅਮਰੀਕਨ ਕੈਂਸਰ ਸੋਸਾਇਟੀ)

www.standuptocancer.ca

# ਵਰਤੋਂ ਵਾਸਤੇ ਹਦਾਇਤਾਂ

## ਇਕਹਰੀ-ਵਰਤੋਂ ਵਾਲੀ ਗਰੈਜੂਏਟਿਡ ਪਹਿਲਾਂ ਤੋਂ ਭਰੀ ਸਰਿੰਜ ਲਈ

**1) ਤਿਆਰੀ ਕਰਨਾ**

- ਇੱਕ ਸਾਫ਼, ਚੰਗੀ ਤਰ੍ਹਾਂ ਰੋਸ਼ਨੀ ਵਾਲੀ, ਪੱਧਰੇ ਕੰਮ ਵਾਲੀ ਸਤਹ ਲੱਭੋ।
- ਆਪਣੀਆਂ ਸਪਲਾਈਆਂ ਇਕੱਠੀਆਂ ਕਰੋ:
  - 1 ਨਵੀਂ NIVESTYM ਦੀ ਪਹਿਲਾਂ ਤੋਂ ਭਰੀ ਸਰਿੰਜ (ਡੱਬੇ ਵਿੱਚ ਸ਼ਾਮਲ)
  - 1 ਚਿਪਕਾਉਣ ਵਾਲੀ ਪੱਟੀ (ਸ਼ਾਮਲ ਨਹੀਂ ਹੈ)
  - 1 ਅਲਕੋਹਲ ਵਾਲਾ ਵਾਇਪ (ਸ਼ਾਮਲ ਨਹੀਂ ਹੈ)
  - 1 ਰੂੰ ਦੀ ਲੋਈ ਜਾਂ ਗੇਜ਼ (ਸ਼ਾਮਲ ਨਹੀਂ ਹੈ)
  - ਤਿੱਖੀਆਂ ਚੀਜ਼ਾਂ ਨੂੰ ਸੁੱਟਣ ਵਾਲਾ ਕੰਟੇਨਰ (ਸ਼ਾਮਲ ਨਹੀਂ ਹੈ)
- ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ

**2) ਪਹਿਲਾਂ ਤੋਂ ਭਰੀ ਸਰਿੰਜ ਨੂੰ ਤਿਆਰ ਕਰਨਾ**

- NIVESTYM ਵਾਲੇ ਡੱਬੇ ਨੂੰ ਰੈਫਰਿਜਰੇਟਰ ਵਿੱਚੋਂ ਬਾਹਰ ਕੱਢੋ ਅਤੇ ਇਸਨੂੰ ਘੱਟੋ ਘੱਟ 30 ਮਿੰਟਾਂ ਵਾਸਤੇ ਆਪਣੀ ਕਾਰਜ ਸਤਹ 'ਤੇ ਛੱਡ ਦਿਓ।
  - **ਪਹਿਲਾਂ ਤੋਂ ਭਰੀ ਸਰਿੰਜ ਨੂੰ ਨਾ ਹਿਲਾਓ ਅਤੇ ਇਸ ਨੂੰ ਸਿੱਧੀ ਧੁੱਪ ਵਿੱਚ ਨਾ ਛੱਡੋ।**
- ਪਹਿਲਾਂ ਤੋਂ ਭਰੀ ਸਰਿੰਜ ਨੂੰ ਡੱਬੇ ਵਿੱਚੋਂ ਬਾਹਰ ਕੱਢੋ ਅਤੇ ਦੇਖੋ:
  - ਸੂਈ ਗਾਰਡ ਸਰਿੰਜ ਦੇ ਬੈਰਲ ਨੂੰ ਢੱਕ ਰਿਹਾ ਹੈ
  - NIVESTYM ਦੀ ਪਹਿਲਾਂ ਤੋਂ ਭਰੀ ਸਰਿੰਜ ਦੀ ਮਿਆਦ ਪੁੱਗਣ ਦੀ ਤਾਰੀਖ਼
  - ਦਵਾਈ ਅਤੇ ਪਹਿਲਾਂ ਤੋਂ ਭਰੀ ਸਰਿੰਜ, ਇਹ ਯਕੀਨੀ ਬਣਾਉਣ ਲਈ ਕਿ ਦਵਾਈ ਪਾਰਦਰਸ਼ੀ ਅਤੇ ਰੰਗਹੀਣ ਹੈ

**3) ਟੀਕੇ ਦੇ ਸਥਾਨ ਦੀ ਚੋਣ ਕਰਨਾ ਅਤੇ ਇਸਨੂੰ ਸਾਫ਼ ਕਰਨਾ**

- ਟੀਕੇ ਦੇ ਸਥਾਨ ਦੀ ਚੋਣ ਕਰੋ:
  - ਪੱਟਾਂ ਦਾ ਮੂਹਰਲਾ ਪਾਸਾ
  - ਪੇਟ ਦਾ ਖੇਤਰ, ਤੁਹਾਡੇ ਬੈਲੀ ਬਟਨ ਦੇ ਆਲੇ-ਦੁਆਲੇ ਦੇ **2-ਇੰਚ** ਦੇ ਖੇਤਰ ਨੂੰ ਛੱਡ ਕੇ
  - ਬਾਂਹਵਾਂ ਦਾ ਉੱਪਰਲਾ ਬਾਹਰੀ ਭਾਗ, ਕੇਵਲ ਤਾਂ ਹੀ ਜੇਕਰ ਕੋਈ ਸੰਭਾਲਕਰਤਾ ਤੁਹਾਨੂੰ ਟੀਕਾ ਲਗਾ ਰਿਹਾ ਹੈ
  - ਚਿੱਤੜਾਂ ਦੇ ਉੱਪਰਲੇ ਬਾਹਰੀ ਖੇਤਰ, ਕੇਵਲ ਤਾਂ ਹੀ ਜੇਕਰ ਕੋਈ ਸੰਭਾਲਕਰਤਾ ਤੁਹਾਨੂੰ ਟੀਕਾ ਲਗਾ ਰਿਹਾ ਹੈ
- NIVESTYM ਦੇ ਹਰੇਕ ਟੀਕੇ ਵਾਸਤੇ ਕਿਸੇ ਅਲੱਗ ਸਥਾਨ ਦੀ ਚੋਣ ਕਰੋ।

X • ਉਨ੍ਹਾਂ ਖੇਤਰਾਂ ਵਿੱਚ ਟੀਕਾ **ਨਾ ਲਗਾਓ** ਜਿੱਥੇ ਚਮੜੀ ਨਰਮ, ਲਾਲ, ਨੀਲਗ੍ਰਸਤ, ਜਾਂ ਸਖ਼ਤ ਹੈ। ਦਾਗਾਂ ਜਾਂ ਖਿਚਾਅ ਦੇ ਨਿਸ਼ਾਨਾਂ ਵਾਲੇ ਖੇਤਰਾਂ ਵਿੱਚ ਟੀਕਾ ਲਗਾਉਣ ਤੋਂ ਪਰਹੇਜ਼ ਕਰੋ।

- ਅਲਕੋਹਲ ਵਾਲੇ ਫੰਬੇ ਨਾਲ ਆਪਣੇ ਟੀਕੇ ਦੇ ਸਥਾਨ ਨੂੰ ਸਾਫ਼ ਕਰੋ। ਸੁੱਕਣ ਦਿਓ।

X • ਟੀਕਾ ਲਗਾਉਣ ਤੋਂ ਪਹਿਲਾਂ ਟੀਕੇ ਦੇ ਸਥਾਨ ਨੂੰ ਦੁਬਾਰਾ ਨਾ ਛੂਹੋ।


**NIVESTYM ਦੀ ਪਹਿਲਾਂ ਤੋਂ ਭਰੀ ਸਰਿੰਜ ਦੀ ਵਰਤੋਂ ਨਾ ਕਰੋ ਜੇਕਰ:**

- ਦਵਾਈ ਬੱਦਲਨੁਮਾ ਹੈ ਜਾਂ ਬਦਰੰਗੀ ਹੋ ਚੁੱਕੀ ਹੈ, ਜਾਂ ਇਸ ਵਿੱਚ ਫਲੇਕ ਜਾਂ ਕਣ ਹਨ
- ਪਹਿਲਾਂ ਤੋਂ ਭਰੀ ਸਰਿੰਜ ਦਾ ਕੋਈ ਵੀ ਭਾਗ ਤਿੜਕਿਆ ਜਾਂ ਟੁੱਟਿਆ ਹੋਇਆ ਜਾਪਦਾ ਹੈ
- ਪਹਿਲਾਂ ਤੋਂ ਭਰੀ ਸਰਿੰਜ ਡਿੱਗ ਗਈ ਸੀ
- ਸੂਈ ਦਾ ਕਵਰ ਗੁੰਮ ਹੈ ਜਾਂ ਇਸਨੂੰ ਸੁਰੱਖਿਅਤ ਤਰੀਕੇ ਨਾਲ ਨਹੀਂ ਜੋੜਿਆ ਗਿਆ
- ਲੇਬਲ 'ਤੇ ਛਾਪੀ ਮਿਆਦ ਪੁੱਗਣ ਦੀ ਤਾਰੀਖ਼ ਲੰਘ ਗਈ ਹੈ

NIVESTYM ਦੀ ਇੱਕ ਖ਼ੁਰਾਕ ਨੂੰ ਕਿਵੇਂ ਤਿਆਰ ਕਰਨਾ ਹੈ ਅਤੇ ਇਸਦਾ ਟੀਕਾ ਕਿਵੇਂ ਲਗਾਉਣਾ ਹੈ, ਇਸ ਬਾਰੇ ਜਾਣਕਾਰੀ ਲਈ ਖਪਤਕਾਰ ਲਈ ਜਾਣਕਾਰੀ ਦੇ ਪੰਨਾ 49-68 'ਤੇ ਵਿਸਤਰਿਤ "ਵਰਤੋਂ ਲਈ ਹਦਾਇਤਾਂ" ਦੇਖੋ।

**4) NIVESTYM ਦੀ ਆਪਣੀ ਖ਼ੁਰਾਕ ਦਾ ਟੀਕਾ ਲਗਾਓ**

- ਪਹਿਲਾਂ ਤੋਂ ਭਰੀ ਸਰਿੰਜ ਨੂੰ ਸੂਈ ਗਾਰਡ ਦੇ ਕੋਲੋਂ ਫੜ੍ਹੋ ਜਦਕਿ ਸੂਈ ਦਾ ਕਵਰ ਉੱਪਰ ਵੱਲ ਹੋਵੇ। ਧਿਆਨਪੂਰਵਕ ਸੂਈ ਦੇ ਕਵਰ ਨੂੰ ਸਿੱਧਾ ਖਿੱਚ ਕੇ ਉਤਾਰ ਦਿਓ ਅਤੇ ਤੁਹਾਡੇ ਸਰੀਰ ਤੋਂ ਦੂਰ ਵੱਲ ਕਰੋ। ਸੂਈ ਦੇ ਕਵਰ ਨੂੰ ਸੁੱਟ ਦਿਓ।
  - ਜੇਕਰ ਤੁਹਾਨੂੰ ਕਿਸੇ ਅੰਸ਼ਕ ਖ਼ੁਰਾਕ ਦੀ ਤਜਵੀਜ਼ ਕੀਤੀ ਗਈ ਸੀ, ਤਾਂ ਸੂਈ ਨੂੰ ਉੱਪਰ ਵੱਲ ਕਰੋ ਅਤੇ ਅਰਾਮ ਨਾਲ ਟੈਪ ਕਰੋ ਜਦੋਂ ਤੱਕ ਹਵਾ ਉੱਪਰ ਤੱਕ ਨਾ ਪਹੁੰਚ ਜਾਵੇ ਅਤੇ ਫਿਰ ਸਰਿੰਜ ਦੇ ਨਾਲ ਪਲੰਜਰ ਸਟੌਪਰ ਲਾਈਨਾਂ ਨੂੰ ਨਿਰਧਾਰਤ ਖ਼ੁਰਾਕ ਦੀ ਨਿਸ਼ਾਨਦੇਹੀ ਕਰਦੇ ਹੋਏ ਕੋਨਿਕਲ ਆਧਾਰ (ਕਿਨਾਰਾ) ਦੇ ਅੰਤ ਤੱਕ ਵਾਧੂ ਹਵਾ ਅਤੇ ਦਵਾਈ ਨੂੰ ਬਾਹਰ ਕੱਢਣ ਲਈ ਪਲੰਜਰ ਰਾਡ ਨੂੰ ਹੌਲੀ-ਹੌਲੀ ਧੱਕੋ।




0.3 mL ਖ਼ੁਰਾਕ ਦੀ ਉਦਾਹਰਨ। ਹੋ ਸਕਦਾ ਹੈ ਤੁਹਾਡੀ ਖ਼ੁਰਾਕ ਇੱਥੇ ਦਿਖਾਈ ਗਈ ਉਦਾਹਰਨ ਨਾਲੋਂ ਵੱਖਰੀ ਹੋਵੇ।


  - ਧਿਆਨ ਰੱਖੋ ਕਿ ਵਰਤੋਂ ਕਰਨ ਤੋਂ ਪਹਿਲਾਂ ਸੂਈ ਗਾਰਡ ਨੂੰ ਕਿਰਿਆਸ਼ੀਲ ਨਾ ਕਰੋ। **ਕਿਸੇ NIVESTYM ਦੀ ਪਹਿਲਾਂ ਤੋਂ ਭਰੀ ਸਰਿੰਜ ਦੀ ਵਰਤੋਂ ਨਾ ਕਰੋ ਜਿਸਨੂੰ ਕਿਰਿਆਸ਼ੀਲ ਕਰ ਦਿੱਤਾ ਗਿਆ ਹੋਵੇ।**

X • ਸੂਈ ਨੂੰ ਦੁਬਾਰਾ ਕੈਪ ਨਾ ਲਗਾਓ।

- ਇੱਕ ਹੱਥ ਦੇ ਨਾਲ, ਟੀਕੇ ਵਾਲੇ ਸਥਾਨ 'ਤੇ ਨਰਮਾਈ ਨਾਲ ਚਮੜੀ ਦੀ ਇੱਕ ਤਹਿ ਦੀ ਚੂੰਢੀ ਭਰੋ। ਚੂੰਢੀ ਭਰੀ ਰੱਖੋ।



- ਦੂਜੇ ਹੱਥ ਦੇ ਨਾਲ, ਪਹਿਲਾਂ ਤੋਂ ਭਰੀ ਸਰਿੰਜ ਨੂੰ ਇਸ ਤਰ੍ਹਾਂ ਫੜ੍ਹੋ ਜਿਵੇਂ ਤੁਸੀਂ ਕੋਈ ਪੈਨਸਿਲ ਫੜਦੇ ਹੋ। ਇੱਕ 45 ਤੋਂ 90 ਡਿਗਰੀ ਦੇ ਕੋਣ 'ਤੇ ਸੂਈ ਨੂੰ ਚਮੜੀ ਵਿੱਚ ਦਾਖਲ ਕਰਨ ਲਈ ਤੇਜ਼ੀ ਨਾਲ "ਡਾਰਟ ਵਰਗੀ" ਹਰਕਤ ਦੀ ਵਰਤੋਂ ਕਰੋ।




# ਵਰਤੋਂ ਵਾਸਤੇ ਹਦਾਇਤਾਂ


- ਇੱਕ ਧੀਮੇ ਅਤੇ ਲਗਾਤਾਰ ਦਬਾਅ ਦੀ ਵਰਤੋਂ ਕਰਦੇ ਹੋਏ, ਪਲੰਜਰ ਰਾਡ ਨੂੰ ਓਨਾ ਕੁ ਦਬਾਓ ਜਿੱਥੋਂ ਤੱਕ ਇਹ ਜਾਵੇਗਾ। ਜਦੋਂ ਤੁਸੀਂ ਸਰਿੰਜ ਨੂੰ 5 ਸਕਿੰਟਾਂ ਵਾਸਤੇ ਆਪਣੀ ਜਗ੍ਹਾਂ ਰੱਖਦੇ ਹੋ ਤਾਂ ਪਲੰਜਰ ਰਾਡ ਨੂੰ ਪੂਰੀ ਤਰਾਂ ਦਬਾਕੇ ਰੱਖੋ।



- ਪਲੰਜਰ ਰਾਡ ਨੂੰ ਪੂਰੀ ਤਰ੍ਹਾਂ ਦਬਾਕੇ ਰੱਖੋ ਜਦੋਂ ਤੁਸੀਂ ਧਿਆਨਪੂਰਵਕ ਸੂਈ ਨੂੰ ਟੀਕੇ ਵਾਲੇ ਸਥਾਨ ਤੋਂ ਸਿੱਧਾ ਬਾਹਰ ਕੱਢਦੇ ਹੋ।




- ਜਦੋਂ ਤੁਸੀਂ ਪਲੰਜਰ ਨੂੰ ਛੱਡ ਦਿੰਦੇ ਹੋ, ਤਾਂ ਸੂਈ ਗਾਰਡ ਆਪਣੇ ਆਪ ਹੀ ਸੂਈ ਦੇ ਉੱਪਰੋਂ ਖਿਸਕ ਜਾਵੇਗਾ ਜਦ ਤੱਕ ਕਿ ਸੂਈ ਪੂਰੀ ਤਰ੍ਹਾਂ ਢੱਕ ਨਹੀਂ ਜਾਂਦੀ ਅਤੇ ਸੂਈ ਗਾਰਡ ਲੌਕ ਨਹੀਂ ਹੋ ਜਾਂਦਾ। **ਸੂਈ ਨੂੰ ਦੁਬਾਰਾ ਕੈਪ ਨਾ ਲਗਾਓ।**



5) **ਪੂਰਾ ਕਰਨਾ**

- ਟੀਕੇ ਵਾਲੇ ਸਥਾਨ 'ਤੇ ਖ਼ੂਨ ਦੀ ਥੋੜ੍ਹੀ ਜਿਹੀ ਮਾਤਰਾ ਹੋ ਸਕਦੀ ਹੈ। ਤੁਸੀਂ ਇੱਕ ਰੂੰ ਦੇ ਗੋਲ਼ੇ ਜਾਂ ਗੇਜ਼ ਨੂੰ ਟੀਕੇ ਵਾਲੇ ਸਥਾਨ 'ਤੇ ਦਬਾ ਸਕਦੇ ਹੋ ਅਤੇ ਇਸਨੂੰ 10 ਸਕਿੰਟਾਂ ਤੱਕ ਫੜ੍ਹ ਕੇ ਰੱਖੋ।
- X ਟੀਕੇ ਵਾਲੇ ਸਥਾਨ ਨੂੰ **ਨਾ ਰਗੜੋ।** ਜੇਕਰ ਲੋੜ ਪੈਂਦੀ ਹੈ, ਤਾਂ ਤੁਸੀਂ ਟੀਕੇ ਵਾਲੇ ਸਥਾਨ ਨੂੰ ਇੱਕ ਛੋਟੀ ਜਿਹੀ ਪੱਟੀ ਨਾਲ ਢੱਕ ਸਕਦੇ ਹੋ।
- ਸਰਿੰਜ ਨੂੰ ਸੁੱਟ ਦਿਓ।
  - ਵਰਤੋਂ ਕਰਨ ਦੇ ਤੁਰੰਤ ਬਾਅਦ ਆਪਣੀ ਵਰਤੀ ਗਈ ਪਹਿਲਾਂ ਤੋਂ ਭਰੀ ਸਰਿੰਜ ਨੂੰ ਤਿੱਖੀਆਂ ਚੀਜ਼ਾਂ ਸੁੱਟਣ ਵਾਲੇ ਕੰਟੇਨਰ ਵਿੱਚ ਪਾ ਦਿਓ। **ਸਰਿੰਜਾਂ ਨੂੰ ਆਪਣੇ ਘਰੇਲੂ ਕੂੜੇ ਵਿੱਚ** ਨਾ ਸੁੱਟੋ।
  - **ਤਿੱਖੀਆਂ ਚੀਜ਼ਾਂ ਨੂੰ ਸੁੱਟਣ ਵਾਲੇ ਕੰਟੇਨਰ ਨੂੰ ਹਮੇਸ਼ਾ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।**

ਪਹਿਲਾਂ ਤੋਂ ਭਰੀ ਸਰਿੰਜ ਨੂੰ ਕਿਵੇਂ ਸੁੱਟਣਾ ਹੈ, ਇਸ ਬਾਰੇ ਜਾਣਕਾਰੀ ਲਈ ਖਪਤਕਾਰ ਲਈ ਜਾਣਕਾਰੀ ਦੇ ਪੰਨੇ 49-68 'ਤੇ ਵਿਸਤਰਿਤ "ਵਰਤੋਂ ਲਈ ਹਦਾਇਤਾਂ" ਦੇਖੋ।



# ਵਰਤੋਂ ਵਾਸਤੇ ਹਦਾਇਤਾਂ

## ਇੱਕ ਵਾਰ ਵਰਤੇ ਜਾਣ ਵਾਲੀ ਸ਼ੀਸ਼ੀ ਲਈ

**1) ਤਿਆਰੀ ਕਰਨਾ**

- ਇੱਕ ਸਾਫ਼, ਚੰਗੀ ਤਰ੍ਹਾਂ ਰੋਸ਼ਨੀ ਵਾਲੀ, ਪੱਧਰੇ ਕੰਮ ਵਾਲੀ ਸਤਹ ਲੱਭੋ।
- ਆਪਣੀਆਂ ਸਪਲਾਈਆਂ ਇਕੱਠੀਆਂ ਕਰੋ:
  - 1 ਨਵੀਂ NIVESTYM ਇੱਕ ਵਾਰ ਵਰਤੀ ਜਾਣ ਵਾਲੀ ਸ਼ੀਸ਼ੀ (ਡੱਬੇ ਦੇ ਵਿੱਚ ਸ਼ਾਮਲ)
  - 1 ਵਾਰ ਵਰਤ ਕੇ ਸੁੱਟਣਯੋਗ ਸਰਿੰਜ ਅਤੇ ਸੂਈ (ਸ਼ਾਮਲ ਨਹੀਂ ਹੈ)
    - ਕੇਵਲ ਉਨ੍ਹਾਂ ਵਰਤ ਕੇ ਸੁੱਟਣਯੋਗ ਸਰਿੰਜਾਂ ਅਤੇ ਸੂਈਆਂ ਦੀ ਵਰਤੋਂ ਕਰੋ ਜਿੰਨ੍ਹਾਂ ਦੀ ਤਜਵੀਜ਼ ਤੁਹਾਡਾ ਸਿਹਤ-ਸੰਭਾਲ ਪ੍ਰਦਾਤਾ ਕਰਦਾ ਹੈ
  - 1 ਚਿਪਕਾਉਣ ਵਾਲੀ ਪੱਟੀ (ਸ਼ਾਮਲ ਨਹੀਂ ਹੈ)
  - 2 ਅਲਕੋਹਲ ਵਾਲੇ ਵਾਇਪ (ਸ਼ਾਮਲ ਨਹੀਂ ਹਨ)
  - 1 ਰੂੰ ਦੀ ਲੋਈ ਜਾਂ ਗੇਜ਼ (ਸ਼ਾਮਲ ਨਹੀਂ ਹੈ)
  - ਤਿੱਖੀਆਂ ਚੀਜ਼ਾਂ ਨੂੰ ਸੁੱਟਣ ਵਾਲਾ ਕੰਟੇਨਰ (ਸ਼ਾਮਲ ਨਹੀਂ ਹੈ)
- ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ

---

**2) ਸ਼ੀਸ਼ੀ ਨੂੰ ਤਿਆਰ ਕਰਨਾ**

- NIVESTYM ਵਾਲੇ ਡੱਬੇ ਨੂੰ ਰੈਫਰਿਜਰੇਟਰ ਵਿੱਚੋਂ ਬਾਹਰ ਕੱਢੋ ਅਤੇ ਇਸਨੂੰ ਘੱਟੋ ਘੱਟ 30 ਮਿੰਟਾਂ ਵਾਸਤੇ ਆਪਣੀ ਕਾਰਜ ਸਤਹ 'ਤੇ ਛੱਡ ਦਿਓ।

X ◦ ਗਰਮ ਪਾਣੀ ਜਾਂ ਮਾਈਕ੍ਰੋਵੇਵ ਵਰਗੇ ਤਾਪ ਸਰੋਤ ਦੀ ਵਰਤੋਂ ਕਰਕੇ ਸ਼ੀਸ਼ੀ ਨੂੰ ਗਰਮ ਕਰਨ ਦੀ ਕੋਸ਼ਿਸ਼ **ਨਾ ਕਰੋ।**

X ◦ **ਸ਼ੀਸ਼ੀ ਨੂੰ ਨਾ ਹਿਲਾਓ ਅਤੇ ਇਸ ਨੂੰ ਸਿੱਧੀ ਧੁੱਪ ਵਿੱਚ ਨਾ ਛੱਡੋ।**

X ◦ ਸ਼ੀਸ਼ੀ ਨੂੰ **ਨਾ ਹਿਲਾਓ।**

- ਸ਼ੀਸ਼ੀ ਦੀ ਸਰਿੰਜ ਨੂੰ ਡੱਬੇ ਵਿੱਚੋਂ ਬਾਹਰ ਕੱਢੋ ਅਤੇ ਇਹ ਯਕੀਨੀ ਬਣਾਓ ਕਿ **ਸ਼ੀਸ਼ੀ ਵਿਚਲੀ ਦਵਾਈ ਪਾਰਦਰਸ਼ੀ ਅਤੇ ਰੰਗਹੀਣ ਹੋਵੇ।**
  - ਸ਼ੀਸ਼ੀ ਦੀ ਵਰਤੋਂ **ਨਾ ਕਰੋ** ਜੇਕਰ:
    - ਦਵਾਈ ਬੱਦਲਨੁਮਾ ਹੈ ਜਾਂ ਬਦਰੰਗੀ ਹੋ ਚੁੱਕੀ ਹੈ, ਜਾਂ ਇਸ ਵਿੱਚ ਫਲੇਕ ਜਾਂ ਕਣ ਹਨ।
    - ਲੇਬਲ 'ਤੇ ਛਾਪੀ ਮਿਆਦ ਪੁੱਗਣ ਦੀ ਤਾਰੀਖ਼ ਲੰਘ ਗਈ ਹੈ।


---

**3) ਸਰਿੰਜ ਨੂੰ ਲੋਡ ਕਰਨਾ**

a) ਸ਼ੀਸ਼ੀ ਤੋਂ ਢੱਕਣ ਨੂੰ ਉਤਾਰ ਦਿਓ ਅਤੇ 1 ਅਲਕੋਹਲ ਵਾਲੇ ਫੰਬੇ ਦੇ ਨਾਲ ਰਬੜ ਦੇ ਸਟਾੱਪਰ ਨੂੰ ਸਾਫ਼ ਕਰੋ।

b) ਸ਼ੀਸ਼ੀ ਨੂੰ ਪੱਧਰੀ ਕਾਰਜ ਸਤਹ 'ਤੇ ਰੱਖੋ। ਸੂਈ ਵਾਲਾ ਪਾਸਾ ਉੱਪਰ ਵੱਲ ਨੂੰ ਕਰਕੇ ਸਰਿੰਜ ਨੂੰ ਬੈਰਲ ਦੇ ਕੋਲੋਂ ਫੜ੍ਹੋ। ਧਿਆਨਪੂਰਵਕ ਸੂਈ ਦੇ ਕੈਪ ਨੂੰ ਸਿੱਧਾ ਖਿੱਚ ਕੇ ਉਤਾਰ ਦਿਓ ਅਤੇ ਤੁਹਾਡੇ ਸਰੀਰ ਤੋਂ ਦੂਰ ਵੱਲ ਕਰੋ।
ਸੂਈ ਦੀ ਕੈਪ ਨੂੰ ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੰਟੇਨਰ ਵਿੱਚ ਸੁੱਟ ਦਿਓ।


X • ਸੂਈ ਨੂੰ ਦੁਬਾਰਾ ਕੈਪ ਨਾ ਲਗਾਓ।



c) ਪਲੰਜਰ ਨੂੰ ਪਿੱਛੇ ਖਿੱਚੋ ਅਤੇ ਉਸ ਸਰਿੰਜ ਵਿੱਚ ਹਵਾ ਖਿੱਚੋ ਜੋ ਓਨੀ ਹੀ ਮਾਤਰਾ (mL) ਹੈ ਜਿੰਨੀ ਤੁਹਾਡੇ ਸਿਹਤ-ਸੰਭਾਲ ਪ੍ਰਦਾਤਾ ਵੱਲੋਂ ਤਜਵੀਜ਼ ਕੀਤੀ NIVESTYM ਦੀ ਖ਼ੁਰਾਕ ਹੈ।


d) ਸੂਈ ਨੂੰ ਸ਼ੀਸ਼ੀ ਦੇ ਰਬੜ ਦੇ ਸਟੌਪਰ ਰਾਹੀਂ ਸਿੱਧਾ ਥੱਲੇ ਵਾਲੇ ਪਾਸਿਓਂ ਦਾਖਲ ਕਰੋ।
- ਸੂਈ ਨੂੰ ਰਬੜ ਦੇ ਸਟੌਪਰ ਦੇ ਰਾਹੀਂ 1 ਤੋਂ ਵਧੇਰੇ ਵਾਰ ਨਾ ਦਾਖਲ ਕਰੋ।

e) ਪਲੰਜਰ ਨੂੰ ਥੱਲੇ ਵੱਲ ਧੱਕੋ ਅਤੇ ਸਰਿੰਜ ਦੀ ਸਾਰੀ ਹਵਾ ਨੂੰ NIVESTYM ਦੀ ਸ਼ੀਸ਼ੀ ਵਿੱਚ ਪਾ ਦਿਓ।



f) ਸੂਈ ਨੂੰ ਸ਼ੀਸ਼ੀ ਵਿੱਚ ਰੱਖੋ ਅਤੇ ਸ਼ੀਸ਼ੀ ਨੂੰ ਉਲਟਾ ਕਰ ਦਿਓ। ਇਹ ਯਕੀਨੀ ਬਣਾਓ ਕਿ NIVESTYM ਤਰਲ ਸੂਈ ਦੇ ਸਿਰੇ ਨੂੰ ਕਵਰ ਕਰ ਰਿਹਾ ਹੋਵੇ।

g) ਸ਼ੀਸ਼ੀ ਨੂੰ ਉਲਟਾ ਰੱਖੋ ਅਤੇ ਹੌਲੀ-ਹੌਲੀ ਪਲੰਜਰ ਨੂੰ ਪਿੱਛੇ ਵੱਲ ਖਿੱਚੋ ਤਾਂ ਜੋ NIVESTYM ਵਾਲੀ ਸਰਿੰਜ ਬੈਰਲ ਨੂੰ ਦਵਾਈ ਦੀ ਸਹੀ ਮਾਰਕਿੰਗ ਮਾਤਰਾ (mL) ਤੱਕ ਭਰਿਆ ਜਾ ਸਕੇ ਜੋ ਤੁਹਾਡੇ ਸਿਹਤ-ਸੰਭਾਲ ਪ੍ਰਦਾਤਾ ਵੱਲੋਂ ਤਜਵੀਜ਼ ਕੀਤੀ ਖ਼ੁਰਾਕ ਨਾਲ ਮੇਲ ਖਾਂਦੀ ਹੈ।



h) ਸੂਈ ਨੂੰ ਸ਼ੀਸ਼ੀ ਵਿੱਚ ਰੱਖੋ ਅਤੇ ਸਰਿੰਜ ਵਿੱਚ ਹਵਾ ਦੇ ਬੁਲਬੁਲਿਆਂ ਦੀ ਜਾਂਚ ਕਰੋ। ਜੇਕਰ ਹਵਾ ਦੇ ਕੋਈ ਬੁਲਬੁਲੇ ਹਨ, ਤਾਂ ਸਰਿੰਜ ਦੀ ਬੈਰਲ ਨੂੰ ਹੌਲੀ ਜਿਹੀ ਆਪਣੀ ਉਂਗਲ ਨਾਲ ਠੋਲਾ ਮਾਰੋ ਜਦ ਤੱਕ ਹਵਾ ਦੇ ਬੁਲਬੁਲੇ ਸਿਖਰ ਤੱਕ ਨਾ ਪਹੁੰਚ ਜਾਣ। ਹਵਾ ਦੇ ਬੁਲਬੁਲਿਆਂ ਨੂੰ ਸਰਿੰਜ ਵਿੱਚੋਂ ਬਾਹਰ ਕੱਢਣ ਲਈ ਹੌਲੀ-ਹੌਲੀ ਪਲੰਜਰ ਨੂੰ ਉੱਪਰ ਵੱਲ ਧੱਕੋ।



i) ਸੂਈ ਦੀ ਨੋਕ ਨੂੰ ਤਰਲ ਵਿੱਚ ਰੱਖੋ ਅਤੇ ਇੱਕ ਵਾਰ ਫੇਰ ਪਲੰਜਰ ਨੂੰ ਸਰਿੰਜ ਬੈਰਲ 'ਤੇ ਦਿੱਤੇ ਨੰਬਰ 'ਤੇ ਵਾਪਸ ਖਿੱਚੋ ਜੋ ਤੁਹਾਡੀ ਖ਼ੁਰਾਕ ਨਾਲ ਮੇਲ ਖਾਂਦਾ ਹੈ। ਹਵਾ ਦੇ ਬੁਲਬੁਲਿਆਂ ਵਾਸਤੇ ਦੁਬਾਰਾ ਜਾਂਚ ਕਰੋ। ਜੇਕਰ ਅਜੇ ਵੀ ਹਵਾ ਦੇ ਬੁਲਬੁਲੇ ਹਨ, ਤਾਂ ਇਨ੍ਹਾਂ ਨੂੰ ਬਾਹਰ ਕੱਢਣ ਲਈ ਉੱਪਰ ਦਿੱਤੇ ਕਦਮਾਂ ਨੂੰ ਦੁਹਰਾਓ।

j) ਇਹ ਯਕੀਨੀ ਬਣਾਉਣ ਲਈ ਦੁਬਾਰਾ ਜਾਂਚ ਕਰੋ ਕਿ ਤੁਹਾਡੇ ਕੋਲ ਸਰਿੰਜ ਵਿੱਚ ਸਹੀ ਖ਼ੁਰਾਕ ਹੈ। ਸੂਈ ਨੂੰ ਸ਼ੀਸ਼ੀ ਵਿੱਚੋਂ ਬਾਹਰ ਨਾ ਕੱਢੋ। ਸ਼ੀਸ਼ੀ ਨੂੰ ਇਸਦੇ ਪਾਸੇ 'ਤੇ ਲਿਟਾ ਦਿਓ ਜਦਕਿ ਸੂਈ ਅਜੇ ਵੀ ਸ਼ੀਸ਼ੀ ਵਿੱਚ ਹੋਵੇ।

---

**4) ਟੀਕੇ ਦੇ ਸਥਾਨ ਦੀ ਚੋਣ ਕਰਨਾ ਅਤੇ ਇਸਨੂੰ ਸਾਫ਼ ਕਰਨਾ**

- ਟੀਕੇ ਦੇ ਸਥਾਨ ਦੀ ਚੋਣ ਕਰੋ:
  - ਪੱਟਾਂ ਦਾ ਮੂਹਰਲਾ ਪਾਸਾ
  - ਪੇਟ ਦਾ ਖੇਤਰ, ਤੁਹਾਡੇ ਬੈਲੀ ਬਟਨ ਦੇ ਆਲੇ-ਦੁਆਲੇ ਦੇ 2-ਇੰਚ ਦੇ ਖੇਤਰ ਨੂੰ ਛੱਡ ਕੇ
  - ਬਾਂਹਵਾਂ ਦਾ ਉੱਪਰਲਾ ਬਾਹਰੀ ਭਾਗ, ਕੇਵਲ ਤਾਂ ਹੀ ਜੇਕਰ ਕੋਈ ਸੰਭਾਲਕਰਤਾ ਤੁਹਾਨੂੰ ਟੀਕਾ ਲਗਾ ਰਿਹਾ ਹੈ
  - ਚਿੱਤੜਾਂ ਦੇ ਉੱਪਰਲੇ ਬਾਹਰੀ ਖੇਤਰ, ਕੇਵਲ ਤਾਂ ਹੀ ਜੇਕਰ ਕੋਈ ਸੰਭਾਲਕਰਤਾ ਤੁਹਾਨੂੰ ਟੀਕਾ ਲਗਾ ਰਿਹਾ ਹੈ
- NIVESTYM ਦੇ ਹਰੇਕ ਟੀਕੇ ਵਾਸਤੇ ਕਿਸੇ ਅਲੱਗ ਸਥਾਨ ਦੀ ਚੋਣ ਕਰੋ।

X • ਉਨ੍ਹਾਂ ਖੇਤਰਾਂ ਵਿੱਚ ਟੀਕਾ ਨਾ ਲਗਾਓ ਜਿੱਥੇ ਚਮੜੀ ਨਰਮ, ਲਾਲ, ਨੀਲਗ੍ਰਸਤ, ਜਾਂ ਸਖਤ ਹੈ। ਦਾਗਾਂ ਜਾਂ ਖਿਚਾਅ ਦੇ ਨਿਸ਼ਾਨਾਂ ਵਾਲੇ ਖੇਤਰਾਂ ਵਿੱਚ ਟੀਕਾ ਲਗਾਉਣ ਤੋਂ ਪਰਹੇਜ਼ ਕਰੋ।

- ਅਲਕੋਹਲ ਵਾਲੇ ਫੰਬੇ ਨਾਲ ਆਪਣੇ ਟੀਕੇ ਦੇ ਸਥਾਨ ਨੂੰ ਸਾਫ਼ ਕਰੋ। ਸੁੱਕਣ ਦਿਓ।


X • ਟੀਕਾ ਲਗਾਉਣ ਤੋਂ ਪਹਿਲਾਂ ਟੀਕੇ ਦੇ ਸਥਾਨ ਨੂੰ ਦੁਬਾਰਾ ਨਾ ਛੂਹੋ।

NIVESTYM ਦੀ ਇੱਕ ਖ਼ੁਰਾਕ ਨੂੰ ਕਿਵੇਂ ਤਿਆਰ ਕਰਨਾ ਹੈ ਅਤੇ ਇਸਦਾ ਟੀਕਾ ਕਿਵੇਂ ਲਗਾਉਣਾ ਹੈ, ਇਸ ਬਾਰੇ ਜਾਣਕਾਰੀ ਲਈ ਖਪਤਕਾਰ ਲਈ ਜਾਣਕਾਰੀ ਦੇ ਪੰਨੇ 62-68 'ਤੇ ਵਿਸਤਰਿਤ "ਵਰਤੋਂ ਲਈ ਹਦਾਇਤਾਂ" ਦੇਖੋ।


# ਵਰਤੋਂ ਵਾਸਤੇ ਹਦਾਇਤਾਂ

**5) ਤਿਆਰ ਕੀਤੀ ਸਰਿੰਜ ਅਤੇ ਸੂਈ ਨੂੰ ਸ਼ੀਸ਼ੀ ਵਿੱਚੋਂ ਬਾਹਰ ਕੱਢ ਲਓ। NIVESTYM ਦੀ ਆਪਣੀ ਖ਼ੁਰਾਕ ਦਾ ਟੀਕਾ ਲਗਾਓ**


- ਇੱਕ ਹੱਥ ਦੇ ਨਾਲ, ਟੀਕੇ ਵਾਲੇ ਸਥਾਨ 'ਤੇ ਨਰਮਾਈ ਨਾਲ ਚਮੜੀ ਦੀ ਇੱਕ ਤਹਿ ਦੀ ਚੂੰਢੀ ਭਰੋ। ਚੂੰਢੀ ਭਰੀ ਰੱਖੋ।



- ਦੂਜੇ ਹੱਥ ਦੇ ਨਾਲ, ਸਰਿੰਜ ਨੂੰ ਇਸ ਤਰ੍ਹਾਂ ਫੜ੍ਹੋ ਜਿਵੇਂ ਤੁਸੀਂ ਕੋਈ ਪੈਨਸਿਲ ਫੜਦੇ ਹੋ। ਇੱਕ 45 ਤੋਂ 90 ਡਿਗਰੀ ਦੇ ਕੋਣ 'ਤੇ ਸੂਈ ਨੂੰ ਚਮੜੀ ਵਿੱਚ ਦਾਖਲ ਕਰਨ ਲਈ ਤੇਜ਼ੀ ਨਾਲ "ਡਾਰਟ ਵਰਗੀ" ਹਰਕਤ ਦੀ ਵਰਤੋਂ ਕਰੋ।




- ਇੱਕ ਧੀਮੇ ਅਤੇ ਲਗਾਤਾਰ ਦਬਾਅ ਦੀ ਵਰਤੋਂ ਕਰਦੇ ਹੋਏ, ਪਲੰਜਰ ਰਾਡ ਨੂੰ ਓਨਾ ਕੁ ਦਬਾਓ ਜਿੱਥੋਂ ਤੱਕ ਇਹ ਜਾਵੇਗਾ।



- ਜਦੋਂ ਅਜਿਹਾ ਕਰ ਲਵੋ, ਤਾਂ ਸਰਿੰਜ ਨੂੰ ਟੀਕੇ ਵਾਲੇ ਸਥਾਨ ਤੋਂ ਉਸੇ 45 ਤੋਂ 90 ਡਿਗਰੀ ਦੇ ਕੋਣ 'ਤੇ ਅਰਾਮ ਨਾਲ ਬਾਹਰ ਖਿੱਚੋ ਜੋ ਇਸਨੂੰ ਦਾਖਲ ਕਰਨ ਲਈ ਵਰਤਿਆ ਗਿਆ ਸੀ।

---

**6) ਪੂਰਾ ਕਰਨਾ**

- ਟੀਕੇ ਵਾਲੇ ਸਥਾਨ 'ਤੇ ਖ਼ੂਨ ਦੀ ਥੋੜ੍ਹੀ ਜਿਹੀ ਮਾਤਰਾ ਹੋ ਸਕਦੀ ਹੈ। ਤੁਸੀਂ ਇੱਕ ਰੂੰ ਦੇ ਗੋਲ਼ੇ ਜਾਂ ਗੇਜ਼ ਨੂੰ ਟੀਕੇ ਵਾਲੇ ਸਥਾਨ 'ਤੇ ਦਬਾ ਸਕਦੇ ਹੋ ਅਤੇ ਇਸਨੂੰ 10 ਸਕਿੰਟਾਂ ਤੱਕ ਫੜ੍ਹ ਕੇ ਰੱਖੋ। • ਟੀਕੇ ਵਾਲੇ ਸਥਾਨ ਨੂੰ ਨਾ ਰਗੜੋ। ਜੇਕਰ ਲੋੜ ਪੈਂਦੀ ਹੈ, ਤਾਂ ਤੁਸੀਂ ਟੀਕੇ ਵਾਲੇ ਸਥਾਨ ਨੂੰ ਇੱਕ ਛੋਟੀ ਜਿਹੀ ਪੱਟੀ ਨਾਲ ਢੱਕ ਸਕਦੇ ਹੋ।
- ਵਰਤੀ ਗਈ ਸੂਈ, ਸਰਿੰਜ ਅਤੇ ਸ਼ੀਸ਼ੀ ਨੂੰ ਸੁੱਟ ਦਿਓ।
  - **ਸੂਈਆਂ, ਸਰਿੰਜਾਂ ਅਤੇ ਸ਼ੀਸ਼ੀਆਂ** ਨੂੰ ਆਪਣੇ ਘਰੇਲੂ ਕੂੜੇ ਵਿੱਚ ਨਾ ਸੁੱਟੋ।
  - **ਜੇ ਤੁਹਾਡੇ ਕੋਲ ਤਿੱਖੀਆਂ ਚੀਜ਼ਾਂ ਸੁੱਟਣ ਵਾਲਾ ਕੰਟੇਨਰ ਨਹੀਂ ਹੈ, ਤਾਂ ਤੁਸੀਂ ਇੱਕ ਘਰੇਲੂ ਕੰਟੇਨਰ ਦੀ ਵਰਤੋਂ ਕਰ ਸਕਦੇ ਹੋ ਜੋ** ਕਿ ਇੱਕ ਮਜ਼ਬੂਤ ਪਲਾਸਟਿਕ ਤੋਂ ਬਣਿਆ ਹੋਵੇ, ਚੰਗੀ ਤਰ੍ਹਾਂ ਕੱਸਿਆ ਜਾ ਸਕਣ ਵਾਲਾ, ਪੰਕਚਰ-ਪ੍ਰਤੀਰੋਧੀ ਢੱਕਣ ਨਾਲ ਬੰਦ ਕੀਤਾ ਜਾ ਸਕਦਾ ਹੋਵੇ, ਤਿੱਖੀਆਂ ਚੀਜ਼ਾਂ ਨੂੰ ਬਾਹਰ ਆਉਣ ਤੋਂ ਰੋਕਣ ਦੇ ਯੋਗ ਹੋਵੇ, ਵਰਤੋਂ ਦੌਰਾਨ ਸਿੱਧਾ ਅਤੇ ਸਥਿਰ ਹੋਵੇ, ਲੀਕ ਪ੍ਰਤੀਰੋਧੀ ਹੋਵੇ ਅਤੇ ਕੰਟੇਨਰ ਦੇ ਅੰਦਰ ਖਤਰਨਾਕ ਰਹਿੰਦ-ਖੂੰਹਦ ਬਾਰੇ ਚੇਤਾਵਨੀ ਦੇਣ ਲਈ ਸਹੀ ਲੇਬਲ ਲਗਾਇਆ ਜਾਵੇ।
  - **ਮਹੱਤਵਪੂਰਨ : ਤਿੱਖੀਆਂ ਚੀਜ਼ਾਂ ਨੂੰ ਸੁੱਟਣ ਵਾਲੇ ਕੰਟੇਨਰ ਨੂੰ ਹਮੇਸ਼ਾ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।**

ਸੂਈ, ਸਰਿੰਜ ਅਤੇ ਸ਼ੀਸ਼ੀ ਨੂੰ ਕਿਵੇਂ ਸੁੱਟਣਾ ਹੈ, ਇਸ ਬਾਰੇ ਜਾਣਕਾਰੀ ਲਈ ਖਪਤਕਾਰ ਲਈ ਜਾਣਕਾਰੀ ਦੇ ਪੰਨੇ 49-68 'ਤੇ ਵਿਸਤਰਿਤ "ਵਰਤੋਂ ਲਈ ਹਦਾਇਤਾਂ" ਦੇਖੋ।



# ਮੇਰੀ ਅਗਲੀ ਮੁਲਾਕਾਤ ਲਈ ਤਿਆਰੀ ਕਰਨਾ

ਜੇਕਰ ਤੁਹਾਡੇ ਇਲਾਜ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ ਤਾਂ ਸਵਾਲ ਪੁੱਛਣਾ ਅਤੇ ਆਪਣੀ ਸਿਹਤ-ਸੰਭਾਲ ਟੀਮ ਨੂੰ ਦੱਸਣਾ ਮਹੱਤਵਪੂਰਨ ਹੈ। ਹੇਠਾਂ ਦਿੱਤੀ ਜਗ੍ਹਾ ਦੀ ਵਰਤੋਂ ਕਿਸੇ ਵੀ ਅਜਿਹੀ ਚੀਜ਼ ਨੂੰ ਲਿਖਣ ਲਈ ਕਰੋ ਜਿਸ ਬਾਰੇ ਤੁਸੀਂ ਆਪਣੀਆਂ ਅਗਲੀਆਂ ਕੁਝ ਮੁਲਾਕਾਤਾਂ ਦੌਰਾਨ ਆਪਣੀ ਟੀਮ ਨਾਲ ਗੱਲ ਕਰਨਾ ਚਾਹੋਗੇ।

1. ____________________
2. ____________________
3. ____________________
4. ____________________
5. ____________________
6. ____________________
7. ____________________
8. ____________________
9. ____________________
10. ____________________

## ਮੇਰੀ ਸਿਹਤ-ਸੰਭਾਲ ਟੀਮ ਦੀ ਸੰਪਰਕ ਜਾਣਕਾਰੀ

ਨਾਮ: ____________________ ਫ਼ੋਨ ਨੰਬਰ: ____________________

ਨਾਮ: ____________________ ਫ਼ੋਨ ਨੰਬਰ: ____________________


ਨਾਮ: ____________________ ਫ਼ੋਨ ਨੰਬਰ: ____________________

ਨਾਮ: ____________________ ਫ਼ੋਨ ਨੰਬਰ: ____________________

ਨਾਮ: ____________________ ਫ਼ੋਨ ਨੰਬਰ: ____________________

# ਮੇਰਾ ਇੰਜੈਕਸ਼ਨ ਟ੍ਰੈਕਰ

ਜੇ ਤੁਸੀਂ ਆਪਣੇ ਆਪ ਟੀਕਾ ਲਗਾ ਰਹੇ ਹੋਵੋਂਗੇ, ਤਾਂ ਆਪਣੇ ਸਰੀਰ 'ਤੇ ਟੀਕੇ ਦੇ ਉਚਿਤ ਸਥਾਨਾਂ ਵਾਸਤੇ ਹੇਠਾਂ ਦੇਖੋ ਅਤੇ ਆਪਣੀਆਂ ਥਾਵਾਂ ਨੂੰ ਬਦਲਣ ਅਤੇ ਆਪਣੀ ਖ਼ੁਰਾਕ ਦੇ ਲੈਂਦੇ ਰਹਿਣ ਵਿੱਚ ਤੁਹਾਡੀ ਮਦਦ ਕਰਨ ਲਈ ਇੰਜੈਕਸ਼ਨ ਟ੍ਰੈਕਰ ਦੀ ਵਰਤੋਂ ਕਰੋ।




| ਤਾਰੀਖ | ਇੰਜੈਕਸ਼ਨ ਦੀ ਥਾਂ | ਖ਼ੁਰਾਕ | ਤਾਰੀਖ | ਇੰਜੈਕਸ਼ਨ ਦੀ ਥਾਂ | ਖ਼ੁਰਾਕ |
|---|---|---|---|---|---|
| | | | | | |
| | | | | | |
| | | | | | |
| | | | | | |
| | | | | | |
| | | | | | |
| | | | | | |
| | | | | | |
| | | | | | |
| | | | | | |
| | | | | | |
| | | | | | |
| | | | | | |
| | | | | | |



# Pfizer Liaison

## ਮਰੀਜ਼ ਸਹਾਇਤਾ ਪ੍ਰੋਗਰਾਮ

**ਤੁਹਾਨੂੰ ਉਨ੍ਹਾਂ ਸਰੋਤਾਂ ਨਾਲ ਜੋੜਨਾ ਜੋ ਤੁਹਾਡੇ ਇਲਾਜ ਦੀ ਪੂਰਤੀ ਕਰਦੇ ਹਨ ਅਤੇ ਤੁਹਾਡੀ ਸਿਹਤ-ਸੰਭਾਲ ਟੀਮ ਵੱਲੋਂ ਕੀਤੀ ਗਈ ਦੇਖਭਾਲ ਨੂੰ ਸਹਿ-ਸੰਪੰਨ ਬਣਾਉਂਦਾ ਹੈ**

- ਭੁਗਤਾਨ-ਵਾਪਸੀ ਵਿੱਚ ਮਦਦ ਅਤੇ ਮੁਲਾਂਕਣ
- ਬੀਮਾ ਫਾਇਦਿਆਂ ਦਾ ਤਾਲਮੇਲ
- ਵਿੱਤੀ ਸਹਾਇਤਾ*
- ਇਲਾਜ ਬਾਰੇ ਜਾਣਕਾਰੀ

Pfizer Liaison ਨਾਲ ਜੁੜਨ ਲਈ, ਸਾਡੇ ਨਾਲ ਸੰਪਰਕ ਕਰੋ: ਫ਼ੋਨ, 1-844-533-0150; ਫ਼ੈਕਸ, 1-844-533-1151; ਜਾਂ ਈਮੇਲ, pfizerliaison@rxinfinity.ca ਰਾਹੀਂ

ਹੋਰ ਜਾਣਕਾਰੀ ਲਈ, ਕਿਰਪਾ ਕਰਕੇ mypfizer.ca ਨੂੰ ਦੇਖੋ

* ਵਿੱਤੀ ਸਹਾਇਤਾ ਦੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ।

Pfizer

NIVESTYM® Pfizer Limited ਦਾ ਟ੍ਰੇਡਮਾਰਕ ਹੈ। ਲਾਇਸੰਸ ਦੇ ਤਹਿਤ ਵਰਤਿਆ ਜਾਂਦਾ ਹੈ।
© 2022 Pfizer Canada ULC. ਸਾਰੇ ਹੱਕ ਰਾਖਵੇਂ ਹਨ।

PP-NIV-CAN-0061-PA

Pr Nivestym™ ਫਿਲਗਰਾਸਟਿਮ